

NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com

## ਅੱਜ ਨਾਮਾ

ਕੇਜਰੀਵਾਲ ਜਦ ਵਿੱਚ ਪੰਜਾਬ ਆਇਆ,
ਭਾਜੜ ਭਾਜਪਾ ਅੰਦਰ ਗਈ ਮੱਚ ਮੀਆਂ।
ਉਸ ਦੀ ਪਾਰਟੀ ਵੱਲ ਕਈ ਰਹੇ ਉੱਲਰ,
ਭਾਲਦੇ ਮਿਲਣ ਦੇ ਲਈ ਆ ਟੱਚ ਮੀਆਂ।
ਸਾਬਕਾ ਮੰਤਰੀ ਬੀਬੀ ਵੀ ਜਾਊ ਕਹਿੰਦੇ,
ਚਰਚਾ ਪਤਾ ਨਹੀਂ ਝੂਠੀ ਜਾਂ ਸੱਚ ਮੀਆਂ।
ਭਾਜਪਾ ਆਖੇ ਪੰਜਾਬ ਵਿੱਚ ਰਾਜ ਕਰਨਾ,
ਮੂਹਰੇ ਓਸ ਦੇ ਵਿਛ ਗਿਆ ਕੱਚ ਮੀਆਂ।
ਹੇਠਲੇ ਲੀਡਰ ਤਾਂ ਹੋਏ ਕਈ ਬਹੁਤ ਔਖੇ,
ਕਿਸਾਨੀ ਮੁੱਦੇ ਨੇ ਕੀਤੇ ਬਈ ਤੰਗ ਮੀਆਂ।
ਕੇਂਦਰੀ ਆਗੂਆਂ ਮੂਹਰੇ ਜਦ ਕਰਨ ਰੋਸਾ,
ਅੱਗੋਂ ਪੈਂਦੇ ਆ ਮਾਰਨ ਲਈ ਡੰਗ ਮੀਆਂ।

**ਤੀਸ ਮਾਰ ਖਾਂ**

# ਬਰੈਡਫੋਰਡ ਅਪਾਰਟਮੈਂਟ ਵਿੱਚ ਲੱਗੀ ਅੱਗ, 11 ਜ਼ਖ਼ਮੀ, 4 ਦੀ ਹਾਲਤ ਨਾਜ਼ੁਕ



ਬੈਰੀ, ਓਨਟਾਰੀਓ, 23 ਮਾਰਚ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਬ੍ਰੈਡਫੋਰਡ ਵੈਸਟ ਗਵਿਲਿੰਬਰੀ ਵਿੱਚ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਅੱਗ ਲੱਗ ਜਾਣ ਕਾਰਨ ਗਿਆਰਾਂ ਵਿਅਕਤੀ ਜ਼ਖ਼ਮੀ ਹੋ ਗਏ ਜਦਕਿ ਚਾਰ ਦੀ ਹਾਲਤ ਕਾਫੀ ਨਾਜ਼ੁਕ ਦੱਸੀ ਜਾਂਦੀ ਹੈ।

ਸਿਮਕੋਅ ਰੋਡ ਦੇ ਨੇੜੇ ਹਾਲੈਂਡ ਸਟਰੀਟ ਵੈਸਟ ਟਾਵਰ ਦੀ ਪੰਜਵੀਂ ਮੰਜ਼ਿਲ ਤੋਂ ਭਾਰੀ ਮਾਤਰਾ ਵਿੱਚ ਧੂੰਆਂ ਨਿਕਲਦਾ ਨਜ਼ਰੀਂ ਪਿਆ। ਦੁਪਹਿਰੇ 2:00 ਵਜੇ ਫਾਇਰ ਅਮਲੇ ਨੇ ਮੌਕੇ ਉੱਤੇ ਪਹੁੰਚ ਕੇ ਕਈ ਬਾਲਕੋਨੀਆਂ ਵਿੱਚੋਂ ਲੋਕਾਂ ਨੂੰ ਬਾਹਰ ਕੱਢਿਆ। ਬ੍ਰੈਡਫੋਰਡ ਵੈਸਟ ਗਵਿਲਿੰਬਰੀ ਫਾਇਰ ਚੀਫ ਜਿੰਮ ਕੇਅ ਨੇ ਦੱਸਿਆ ਕਿ ਇਸ ਇਮਾਰਤ ਵਿੱਚ 84 ਯੂਨਿਟਸ ਹਨ ਤੇ ਉਨ੍ਹਾਂ ਵਿੱਚੋਂ 100 ਲੋਕਾਂ ਨੂੰ ਬਾਹਰ ਕੱਢਿਆ ਗਿਆ।

ਉਨ੍ਹਾਂ ਆਖਿਆ ਕਿ ਅੱਗ ਲੱਗਣ ਦੀ ਚੇਤਾਵਨੀ ਦੇਣ ਵਾਲਾ ਅਲਾਰਮ ਵੱਜਣ ਤੋਂ ਬਾਅਦ ਕਈ ਲੋਕ ਆਪ ਹੀ ਬਾਹਰ ਆ ਗਏ। ਉਨ੍ਹਾਂ ਆਖਿਆ ਕਿ ਅਜੇ ਵੀ ਕਈ ਲੋਕਾਂ ਦੇ ਪਾਲਤੂ ਜਾਨਵਰ ਬਿਲਡਿੰਗ ਵਿੱਚ ਹੀ ਫਸੇ ਹੋਏ ਹਨ ਤੇ ਅਸੀਂ ਉਨ੍ਹਾਂ ਨੂੰ ਵੀ ਬਾਹਰ ਕੱਢ ਕੇ ਉਨ੍ਹਾਂ ਦੇ ਮਾਲਕਾਂ ਨਾਲ ਮਿਲਾ ਰਹੇ ਹਾਂ। ਫਾਇਰ ਚੀਫ ਨੇ ਆਖਿਆ ਕਿ ਬਹੁਤਾ ਨੁਕਸਾਨ ਪੰਜਵੀਂ ਤੇ ਛੇਵੀਂ ਮੰਜ਼ਿਲ ਉੱਤੇ ਹੋਇਆ। ਉਨ੍ਹਾਂ ਦੱਸਿਆ ਕਿ ਕਈ ਕਿਰਾਏਦਾਰ ਵੀ ਕੁੱਝ ਸਮੇਂ ਲਈ ਬੇਘਰ ਹੋ ਗਏ।

ਅੱਗ ਲੱਗਣ ਤੋਂ ਕਾਫੀ ਸਮੇਂ ਬਾਅਦ ਫਾਇਰ ਅਮਲੇ ਵੱਲੋਂ ਹਰ ਮੰਜ਼ਿਲ ਉੱਤੇ ਜਾ ਕੇ ਹਵਾ ਤੇ ਮਿਆਰ ਦੀ ਜਾਂਚ ਕੀਤੀ ਗਈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਇਸ ਇਮਾਰਤ ਨੂੰ ਸੇਫ ਕਰਾਰ ਨਹੀਂ ਦੇ ਦਿੱਤਾ ਜਾਂਦਾ ਉਦੋਂ ਤੱਕ ਇਸ ਇਮਾਰਤ ਵਿੱਚ ਕਿਸੇ ਨੂੰ ਵੀ ਰਹਿਣ ਨਹੀਂ ਦਿੱਤਾ ਜਾਵੇਗਾ। ਬੇਘਰ ਹੋਏ ਕਿਰਾਏਦਾਰਾਂ ਲਈ ਦਾਨੂਬੇ ਸੀਨੀਅਰਜ਼ ਸੈਂਟਰ ਵਿੱਚ ਰਹਿਣ ਦਾ ਪ੍ਰਬੰਧ ਕੀਤਾ ਗਿਆ ਹੈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਓਨਟਾਰੀਓ ਫਾਇਰ ਮਾਰਸ਼ਲ ਦੇ ਆਫਿਸ ਨੂੰ ਮਾਮਲੇ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

# ਪ੍ਰੋਵਿੰਸ ਦੇ ਹਸਪਤਾਲਾਂ ਦੀ ਮਦਦ ਲਈ ਫੋਰਡ ਸਰਕਾਰ ਨੇ ਐਲਾਨੇ 1.2 ਬਿਲੀਅਨ ਡਾਲਰ



ਟੋਰਾਂਟੋ, 23 ਮਾਰਚ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕੋਵਿਡ-19 ਮਹਾਂਮਾਰੀ ਦੌਰਾਨ ਪ੍ਰੋਵਿੰਸ ਦੇ ਹਸਪਤਾਲ ਨੂੰ ਜਿਹੜੀਆ ਵਿੱਤੀ ਚੁਣੌਤੀਆਂ ਨਾਲ ਸਿੱਝਣਾ ਪੈ ਰਿਹਾ ਹੈ ਉਨ੍ਹਾਂ ਦੌਰਾਨ ਮਦਦ ਲਈ ਓਨਟਾਰੀਓ ਸਰਕਾਰ ਵੱਲੋਂ 1.2 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ।

ਪ੍ਰੀਮੀਅਰ ਡੱਗ ਫੋਰਡ, ਓਨਟਾਰੀਓ ਦੇ ਵਿੱਤ ਮੰਤਰੀ ਤੇ ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਪੀਟਰ ਬੈਥਲਨਫਾਲਵੇ ਨੇ ਸੋਮਵਾਰ ਦੁਪਹਿਰ ਨੂੰ ਸਕਾਰਬੌਰੋ ਵਿੱਚ ਇੱਕ ਨਿਊਜ਼ ਕਾਨਫਰੰਸ ਦੌਰਾਨ ਇਹ ਐਲਾਨ ਕੀਤਾ। ਫੋਰਡ ਨੇ ਜਾਰੀ ਕੀਤੇ ਇੱਕ ਲਿਖਤੀ ਬਿਆਨ ਵਿੱਚ ਆਖਿਆ ਕਿ ਇਸ ਮਹਾਂਮਾਰੀ ਦੌਰਾਨ ਸਾਡੇ ਬਿਮਾਰ ਤੇ ਕਮਜ਼ੋਰ ਲੋਕਾਂ ਦੀ ਸਾਂਭ ਸੰਭਾਲ ਕਰਨ ਵਿੱਚ ਹਸਪਤਾਲਾਂ ਨੇ ਬਿਹਤਰੀਨ ਕੰਮ ਕੀਤਾ। ਇੱਥੇ ਹੀ ਬੱਸ ਨਹੀਂ ਵੱਖ ਵੱਖ ਥਾਂਵਾਂ ਉੱਤੇ ਹੋਈਆਂ ਆਊਟਬ੍ਰੇਕਸ ਦਾ ਵੀ ਬਿਨਾਂ ਝਿਜਕ ਸਾਹਮਣਾ ਕੀਤਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਵਾਧੂ ਦੀ ਸਾਂਭ ਸੰਭਾਲ ਲਈ ਸਾਨੂੰ ਕਾਫੀ ਕੁੱਝ ਦਾਅ ਉੱਤੇ ਲਾਉਣਾ ਪਿਆ। ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਾਨੂੰ ਆਪਣਾ ਹੱਥ ਅੱਗੇ ਵਧਾ ਕੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਔਖੀ ਘੜੀ ਵਿੱਚ ਸੱਭ ਦਾ ਸਾਥ ਦਿੱਤਾ। ਅਸੀਂ ਚਾਹੁੰਦੇ ਹਾਂ ਕਿ ਸਾਡੇ ਹਸਪਤਾਲ ਮਹਾਂਮਾਰੀ ਖਤਮ ਹੋਣ ਤੋਂ ਬਾਅਦ ਵੀ ਸਾਡੇ ਲੋਕਾਂ ਦੀ ਨਿੱਠ ਕੇ ਸੇਵਾ ਕਰਦੇ ਰਹਿਣ।

ਪ੍ਰੋਵਿੰਸ ਨੇ ਆਖਿਆ ਕਿ 697 ਮਿਲੀਅਨ ਡਾਲਰ ਯੋਗ ਪਬਲਿਕ ਹਸਪਤਾਲਾਂ ਲਈ ਫੰਡਾਂ ਦੀ ਘਾਟ ਦੂਰ ਕਰਨ ਵਾਸਤੇ ਖਰਚੇ ਜਾਣਗੇ ਜਦਕਿ 572.3 ਮਿਲੀਅਨ ਡਾਲਰ ਹੋਰ ਆਮਦਨ ਵਿੱਚ ਹੋਏ ਨੁਕਸਾਨ ਦੀ ਭਰਪਾਈ ਲਈ ਖਰਚੇ ਜਾਣਗੇ। ਇਹ ਐਲਾਨ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ 2021 ਦਾ ਬਜਟ ਜਾਰੀ ਕੀਤੇ ਜਾਣ ਤੋਂ ਦੋ ਦਿਨ ਪਹਿਲਾਂ ਕੀਤਾ ਗਿਆ।

## ਫੋਰਡ ਸਰਕਾਰ ਕਰੇਗੀ 3.7 ਮਿਲੀਅਨ ਡਾਲਰ ਦਾ ਨਿਵੇਸ਼

...ਪੰਨਾ 1 ਦਾ ਬਾਕੀ

ਫੋਰਡ ਨੇ ਆਖਿਆ ਕਿ ਪ੍ਰੋਵਿੰਸ ਦੇ ਸੱਭ ਤੋਂ ਕਮਜ਼ੋਰ ਲੋਕਾਂ ਦੀ ਹਿਫਾਜ਼ਤ ਕਰਨਾ ਵੀ ਬਹੁਤ ਜ਼ਰੂਰੀ ਹੈ ਤੇ ਇਸੇ ਲਈ ਜਲਦ ਤੋਂ ਜਲਦ ਉਨ੍ਹਾਂ ਦਾ ਟੀਕਾਕਰਣ ਕਰਵਾਇਆ ਜਾਣਾ ਵੀ ਜ਼ਰੂਰੀ ਹੈ। ਫੋਰਡ ਨੇ ਅੱਗੇ ਆਖਿਆ ਕਿ ਆਪਣੇ 2021 ਦੇ ਬਜਟ ਵਿੱਚ ਅਸੀਂ ਲੋਕਾਂ ਨੂੰ ਵੈਕਸੀਨ ਵਾਲੀਆਂ ਥਾਂਵਾਂ ਉੱਤੇ ਭੇਜਣ ਜਾਂ ਉਨ੍ਹਾਂ ਤੱਕ ਵੈਕਸੀਨ ਪਹੁੰਚਾਉਣ ਲਈ ਫੰਡ ਮੁਹੱਈਆ ਕਰਵਾ ਰਹੇ ਹਾਂ।
ਇਸ ਮੌਕੇ ਵਿੱਤ ਮੰਤਰੀ ਪੀਟਰ ਬੈਥਲਨਫਾਲਵੇ ਨੇ ਆਖਿਆ ਕਿ ਆਮ ਵਰਗੇ ਹਾਲਾਤ ਮੁੜ ਪੈਦਾ ਕਰਨ ਲਈ ਸਾਡੇ ਹੈਲਥ ਕੇਅਰ ਵਰਕਰਜ਼ ਕਮਿਊਨਿਟੀ ਸੈਂਟਰਜ਼, ਡਾਕਟਰਾਂ ਦੇ ਆਫਿਸ, ਫਾਰਮੇਸੀਜ਼ ਤੇ ਪ੍ਰੋਵਿੰਸ ਭਰ ਦੇ ਹਸਪਤਾਲਾਂ ਵਿੱਚ ਵੈਕਸੀਨ ਲਾ ਰਹੇ ਹਨ। ਇਸ ਨਾਲ ਸਾਨੂੰ ਕਾਫੀ ਆਸ ਬੱਝੀ ਹੈ।

## ਕੋਰੋਨਾ ਵਾਇਰਸ ਦਾ ਕਹਿਰ: ਪੰਜਾਬ ਵਿੱਚ ਮਿਲੇ 81 ਫੀਸਦੀ ਨਵੇਂ ਕੇਸ ਯੂ ਕੇ ਸਟ੍ਰੇਨ ਵਾਲੇ ਨਿਕਲੇ

ਚੰਡੀਗੜ੍ਹ, 23 ਮਾਰਚ, (ਪੋਸਟ ਬਿਊਰੋ)-ਪੰਜਾਬ ਵਿਚ ਕੋਰੋਨਾਵਾਇਰਸ ਦੇ ਵਧਦੇ ਕੇਸਾਂ ਕਾਰਨਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਨੌਜਵਾਨਾਂ ਦੇ ਟੀਕਾਕਰਨ ਦੀ ਆਗਿਆ ਲਈਅਪੀਲ ਕੀਤੀ ਹੈ।
ਅੱਜ ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਦੱਸਿਆ ਕਿ 'ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਪੰਜਾਬ ਵੱਲੋਂ ਜੀਨੋਮ ਸੀਕੁਇੰਸਿੰਗ ਲਈ ਭੇਜੇ ਨਵੇਂ 401 ਸੈਂਪਲਾਂ ਵਿਚੋਂ 81 ਫੀਸਦੀ ਸਕੇਸ ਨਵੇਂ ਯੂ ਕੇ ਸਟ੍ਰੇਨ ਵਾਲੇ ਨਿਕਲੇ ਹਨ।' ਪੰਜਾਬ ਵੱਲੋਂ ਕਰੋਨਾ ਵਾਇਰਸ ਦੇ ਲੈਵਲ ਪਤਾ ਕਰਨ ਲਈ ਭੇਜੇ 401 ਸੈਂਪਲਾਂਵਿੱਚੋਂ 81 ਫੀਸਦੀ ਵਿੱਚ ਯੂ ਕੇ ਦੇ ਕੋਵਿਡ ਦੀ ਕਿਸਮ ਵਾਲੇ ਮਿਲਣ ਪਿੱਛੋਂਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਲੋਕਾਂ ਨੂੰ ਕੋਵਿਡ ਦਾ ਟੀਕਾ ਲਵਾਉਣ ਦੀ ਅਪੀਲ ਦੁਹਰਾਈਤੇ ਇਸ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟੀਕਾਕਰਨ ਦਾ ਘੇਰਾ ਵਧਾ ਕੇ ਇਸ ਵਿੱਚ 60 ਵਰੇ ਤੋਂ ਘੱਟ ਉਮਰ ਦੇ ਲੋਕਾਂ ਨੂੰ ਸ਼ਾਮਲ ਕਰਨ ਲਈ ਕਿਹਾ ਹੈ, ਕਿਉਂਕਿ ਇਹ ਨਵਾਂ ਵਾਇਰਸ ਨੌਜਵਾਨਾਂ ਨੂੰ ਵਧੇਰੇ ਪ੍ਰਭਾਵਤ ਕਰਦਾ ਹੈ। ਤਾਜ਼ਾ ਸਥਿਤੀਵਿੱਚਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਬਾਦੀ ਦੇ ਵੱਡੇ ਤਬਕੇ ਨੂੰ ਟੀਕਾਕਰਨ ਵਿੱਚ ਛੇਤੀ ਸ਼ਾਮਲ ਕੀਤਾ ਜਾਵੇ। ਉਨਾਂਧਿਆਨ ਦਿਵਾਇਆ ਕਿ ਮਾਹਰਾਂ ਵੱਲੋਂ ਮੌਜੂਦਾ ਕੋਵੀਸ਼ੀਲਡ ਦਵਾਈ ਨੂੰ ਯੂ ਕੇ ਦੇ ਵਾਇਰਸ ਬੀ.1.1.7 ਲਈ ਬੇਹੱਦ ਕਾਰਗਰ ਮੰਨਿਆ ਹੈ, ਇਸ ਲਈ ਇਸ ਵਾਇਰਸ ਦੀ ਲੜੀ ਤੋੜਨ ਲਈ ਵੱਧ ਤੋਂ ਵੱਧ ਲੋਕਾਂ ਦਾ ਟੀਕਾਕਰਨ ਹੋਣਾ ਜ਼ਰੂਰੀ ਹੈ।

# ਭਾਰਤ-ਪਾਕਿ ਵਿਚਾਲੇ ਸਿੰਧੂ ਜਲ ਸਮਝੌਤੇ ਦਾ ਮੁੱਦਾ ਹੱਲ ਹੁੰਦਾ ਲੱਗਦੈ

*** ਢਾਈ ਸਾਲਾਂ ਪਿੱਛੋਂ ਦੋਵੇਂ ਦੇਸ਼ਾਂ ਦੇ ਸਿੰਧੂ ਕਮਿਸ਼ਨਰਾਂ ਦੀ ਬੈਠਕ ਸ਼ੁਰੂ * ਭਾਰਤ ਦੇ ਹਾਈਡਰੋ ਪਲਾਂਟਾਂ ਦੇ ਡਿਜ਼ਾਈਨ ਉੱਤੇ ਪਾਕਿ ਵੱਲੋਂ ਇਤਰਾਜ਼**

ਨਵੀਂ ਦਿੱਲੀ, 23 ਮਾਰਚ, (ਪੋਸਟ ਬਿਊਰੋ)-ਭਾਰਤ ਅਤੇ ਪਾਕਿਸਤਾਨ ਵਿਚਾਲੇ ਸਿੰਧੂ ਜਲ ਸਮਝੌਤੇ ਤਹਿਤ ਵੱਖ-ਵੱਖ ਮੁੱਦਿਆਂ ਉੱਤੇਦੋਵਾਂ ਦੇਸ਼ ਵਿਚਾਲੇ ਲਗਪਗ ਢਾਈ ਸਾਲ ਬਾਅਦ ਅੱਜ ਮੰਗਲਵਾਰ ਨੂੰ ਗੱਲਬਾਤ ਸ਼ੁਰੂ ਹੋਈ, ਜਿਸ ਦੇ ਨਾਲ ਦੋਵੇਂ ਦੇਸ਼ਾਂ ਵਿਚਾਲੇ ਦੇ ਮੁੱਦੇ ਦੇ ਹੱਲ ਦੀ ਆਸ ਬੱਝੀ ਹੈ। ਭਾਰਤ ਇਸ ਸਮਝੌਤੇ ਮੁਤਾਬਕ ਆਪਣੇ ਅਧਿਕਾਰ ਪੂਰੀ ਤਰ੍ਹਾਂ ਵਰਤਣਾ ਚਾਹੁੰਦਾ ਹੈ, ਪਰ ਪਾਕਿਸਤਾਨ ਨੂੰ ਚਨਾ-ਬਦਰਿਆ ਉੱਤੇ ਭਾਰਤ ਦੇ ਹਾਈਡਰੋ ਪਾਵਰ ਪ੍ਰਾਜੈਕਟ ਦੇ ਡਿਜ਼ਾਈਨ ਦੇ ਬਾਰੇ ਇਤਰਾਜ਼ ਹੈ। ਦੋ ਦਿਨਾ ਬੈਠਕ ਵਿੱਚ ਇਨ੍ਹਾਂ ਸਾਰੇ ਮੁੱਦਿਆਂ ਉੱਤੇ ਗੱਲਬਾਤ ਸ਼ੁਰੂ ਹੋ ਗਈ ਹੈ।

ਨਵੀਂ ਦਿੱਲੀ ਵਿੱਚ ਹੋ ਰਹੀ ਇਸ ਬੈਠਕ ਵਿੱਚ ਭਾਰਤ ਦੀ ਟੀਮ ਦੀ ਅਗਵਾਈ ਸਿੰਧੂ ਕਮਿਸ਼ਨਰ ਪੀ ਕੇ ਸਕਸੈਨਾ ਕਰ ਰਹੇ ਹਨ, ਜਿਨ੍ਹਾ ਨਾਲ ਸੈਂਟਰਲ ਵਾਟਰ ਕਮਿਸ਼ਨ, ਨੈਸ਼ਨਲ ਹਾਈਡਰੋ ਇਲੈਕਟ੍ਰਿਕ ਪਾਵਰ ਕਾਰਪੋਰੇਸ਼ਨਤੇਸੈਂਟਰਲ ਇਲੈਕਟ੍ਰੀਸਿਟੀ ਅਥਾਰਟੀ ਵਿੱਚੋਂਕੁਝ ਵੱਡੇ ਸਲਾਹਕਾਰ ਵੀ ਸ਼ਾਮਲ ਹੋਣਗੇ। ਪਾਕਿਸਤਾਨੀ ਧਿਰ ਦੀ ਅਗਵਾਈ ਉਸ ਦੇਸ਼ ਦੇ ਸਿੰਧੂ ਕਮਿਸ਼ਨਰ ਸਈਅਦ ਮੁਹੰਮਦ ਮੇਹਰ ਅਲੀ ਸ਼ਾਹ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ 1960 ਵਿੱਚ ਹੋਏ ਸਿੰਧੂ ਜਲ ਸਮਝੌਤੇ ਹੇਠ ਹਰ ਹਾਲਤਸਾਲ ਵਿੱਚ ਘੱਟੋ-ਘੱਟ ਚਾਰ ਵਾਰੀ ਸਿੰਧੂਵਾਟਰ ਕਮਿਸ਼ਨ ਦੀ ਬੈਠਕ ਹੋਣੀ ਹੁੰਦੀ ਹੈ ਅਤੇਇਹ ਬੈਠਕ ਵਾਰੀ-ਵਾਰੀ ਦੋਵੇਂ ਦੇਸ਼ਾਂ ਵਿੱਚ ਹੁੰਦੀ ਰਹੀ ਹੈ, ਪਰ ਅਗਸਤ 2019 ਵਿੱਚ ਜੰਮੂ-ਕਸ਼ਮੀਰ ਦੀ ਧਾਰਾ 370 ਖਤਮ ਕਰਨਪਿੱਛੋਂ ਇਹ ਬੈਠਕ ਨਹੀਂ ਸੀ ਹੋਈ ਅਤੇ ਪਿਛਲੇ ਸਾਲ ਕੋਰੋਨਾ ਮਹਾਮਾਰੀ ਦੇ ਕਾਰਨ ਬੈਠਕ ਰੱਦ ਕਰਨੀ ਪਈ ਸੀ। ਪਾਕਿਸਤਾਨ ਨੇ ਅਟਾਰੀ ਸਾਂਝੀ ਚੈੱਕ ਪੋਸਟ ਉੱਤੇ ਬੈਠਕ ਕਰਨ ਦੀ ਤਜਵੀਜ਼ ਰੱਖੀ ਸੀ, ਪਰ ਭਾਰਤ ਨੇ ਨਾਂਹ ਕਰ ਦਿੱਤੀ ਸੀ।



ਸਿੰਧੂ ਵਾਟਰ ਟਰੀਟੀ ਮੁਤਾਬਕ ਭਾਰਤ ਨੂੰ ਪੂਰਬ ਵੱਲ ਵਗਦੀਆਂ ਸਾਰੀਆਂ ਨਦੀਆਂ ਦਾ ਪਾਣੀ ਵਰਤਣ ਦਾ ਹੱਕ ਹੈ, ਜਿਸ ਦੀ ਸਾਲਾਨਾ ਸਮਰੱਥਾ 33 ਮਿਲੀਅਨ ਏਕੜ ਫੁੱਟ (ਐੱਮਏਐੱਫ) ਮੰਨੀ ਜਾਂਦੀ ਹੈ। ਇਨ੍ਹਾਂਦਰਿਆਵਾਂ ਵਿੱਚ ਸਤਲੁਜ, ਬਿਆਸ ਅਤੇ ਰਾਵੀ ਸ਼ਾਮਲ ਹਨ। ਪਾਕਿਸਤਾਨ ਨੂੰ ਪੱਛਮ ਵਾਲੇ ਪਾਸੇ ਵਹਿੰਦੀਆਂਸਿੰਧੂ, ਜਿਹਲਮ ਅਤੇ ਚਨਾਬ ਨਦੀਆਂ ਦੇ ਪਾਣੀ ਦੇ ਵੱਡੇ ਹਿੱਸੇ ਦੀ ਵਰਤੋਂ ਦਾ ਹੱਕ ਹੈ, ਜੋ ਸਾਲਾਨਾ ਕਰੀਬ 135 ਐੱਮਏਐੱਫ ਹੈ। ਇਸ ਸਮਝੌਤੇ ਹੇਠ ਭਾਰਤ ਨੂੰ ਪੱਛਮ, ਅਰਥਾਤ ਪਾਕਿਸਤਾਨ ਵੱਲ ਵਗਦੀਆਂ ਨਦੀਆਂ ਉੱਤੇ ਕੁਝ ਸਟੈਂਡਰਡਜ਼ ਨਾਲ ਹਾਈਡਰੋ ਪਾਵਰ ਪ੍ਰਾਜੈਕਟ ਲਾਉਣ ਦਾ ਹੱਕ ਹੈ ਤੇ ਇਸ ਅਧਿਕਾਰ ਤਹਿਤ ਭਾਰਤ ਚਨਾਬ ਸਮੇਤ ਵੱਖ-ਵੱਖ ਨਦੀਆਂ ਉੱਤੇ ਪਾਵਰ ਪ੍ਰਾਜੈਕਟ ਲਾ ਰਿਹਾ ਹੈ, ਜਿਸਬਾਰੇ ਪਾਕਿਸਤਾਨ ਨੂੰ ਦੱਸਦਿੱਤਾ ਸੀ। ਪਾਕਿਸਤਾਨ ਚਨਾਬ ਦਰਿਆ ਦੇ ਪ੍ਰਾਜੈਕਟ ਦੇ ਡਿਜ਼ਾਈਨ ਬਾਰੇ ਇਤਰਾਜ਼ ਕਰਦਾ ਹੈ। ਗੱਲਬਾਤਤੋਂ ਪਹਿਲਾਂ ਭਾਰਤੀ ਟੀਮ ਦੇ ਆਗੂ ਸਕਸੈਨਾ ਨੇ ਕਿਹਾ ਕਿ ਭਾਰਤ ਸਮਝੌਤੇ ਹੇਠ ਆਪਣੇ ਅਧਿਕਾਰਾਂ ਦੀ ਪੂਰੀ ਵਰਤੋਂ ਦਾ ਹੱਕਦਾਰ ਹੈ ਤੇ ਆਸ ਹੈ ਕਿ ਗੱਲਬਾਤ ਰਾਹੀਂ ਇਹ ਮੁੱਦਾ ਸੁਲਝ ਜਾਵੇਗਾ।

ਇਸ ਦੌਰਾਨ ਜੰਮੂ-ਕਸ਼ਮੀਰ ਵਿੱਚ ਧਾਰਾ 370 ਵਿੱਚ ਸੋਧ ਤੋਂ ਬਾਅਦ ਪਾਕਿਸਤਾਨ ਨੇ ਇੱਕ ਵਾਰ ਫਿਰ ਭਾਰਤ ਦੇ ਖਿਲਾਫ ਇੱਕ ਨਵੇਂ ਮਸਲੇ ਉੱਤੇ ਇਤਰਾਜ਼ ਕੀਤਾ ਹੈ। ਮੰਗਲਵਾਰ ਨੂੰ ਭਾਰਤ ਅਤੇ ਪਾਕਿ-ਸਤਾਨ ਦੇ ਸਿੰਧੂ ਕਮਿਸ਼ਨ ਦੇ ਕਮਿਸ਼ਨਰਾਂ ਦੀ ਬੈਠਕ ਦੌਰਾਨ ਪਾਕਿਸਤਾਨ ਨੇ ਜੰਮੂ-ਕਸ਼ਮੀਰ ਵਿੱਚ ਪਾਕਲ ਦੁਲ ਅਤੇ ਲੋਉਰ ਕਲਨਾਈ ਪਣ ਬਿਜਲੀ ਪਲਾਂਟਾਂ ਦੇ ਡਿਜ਼ਾਈਨ ਬਾਰੇ ਇਤਰਾਜ਼ ਕੀਤਾ ਹੈ। ਭਾਰਤ ਨੇ ਇਨ੍ਹਾਂ ਪ੍ਰੋਜੈਕਟਾਂ ਦਾ ਡਿਜ਼ਾਈਨ ਜਾਇਜ਼ ਕਿਹਾ ਹੈ। ਧਾਰਾ 370 ਵਿੱਚਤਬਦੀਲੀ ਤੋਂ ਬਾਅਦ ਪਾਕਿ-ਸਤਾਨ ਨੇ ਇਸ ਪ੍ਰੋਜੈਕਟ ਬਾਰੇ ਹੋਰ ਜ਼ਿਆਦਾ ਜਾਣਕਾਰੀ ਮੰਗੀ ਸੀ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



KANG TAX & FINANCIAL SERVICES
Carte WEALTH MANAGEMENT INC.

› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***
FREE For New Immigrants
TAX Filing $40 +Tax
$10 OFF Coupon only for New Clients One per family
* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Aaxel Insurance.
Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca
Suite #105-2645 Islington Ave.
Etobicoke, ON M9V 2X6
Website: www.kangtax.com
Email: sukhwinder.kang@cartewm.com



NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਬਿਹਾਰ ਅਸੈਂਬਲੀ ਵਿੱਚ ਜ਼ਬਰਦਸਤ ਹੰਗਾਮਾ, ਵਿਧਾਇਕਾਂ ਨੇ ਸਪੀਕਰ ਨੂੰ ਬੰਦੀ ਬਣਾਇਆ

ਪਟਨਾ, 23 ਮਾਰਚ, (ਪੋਸਟ ਬਿਊਰੋ)-ਬਿਹਾਰ ਦੇ ਲੋਕਤੰਤਰੀ ਇਤਿਹਾਸ ਵਿਚ ਅੱਜ ਮੰਗਲਵਾਰ ਦਾ ਦਿਨ ਵੱਖਰੇ ਰੂਪ ਵਿਚ ਆਇਆ, ਜਦੋਂ ਦੋਵਾਂ ਧਿਰਾਂ ਦੀ ਜ਼ਿਦ ਕਾਰਨ ਹਾਲਤ ਲਾਮਿਸਾਲ ਹੰਗਾਮੇ ਵਿੱਚ ਬਦਲ ਗਈ। ਅੱਜ ਇਸ ਰਾਜ ਦੀ ਵਿਧਾਨ ਸਭਾ ਦੇ ਬੱਜਟ ਸੈਸ਼ਨ ਦੇ 20ਵਾਂ ਦਿਨ ਸੀ ਤੇ ਪੁਲਸ ਐਕਟ ਉੱਤੇ ਵੀ ਵਿਚਾਰ ਹੋਣੀ ਸੀ, ਜਿਸ ਦੇ ਵਿਰੋਧਕਾਰਨ ਜ਼ਬਰਦ-ਸਤ ਹੰਗਾਮਾ ਹੋ ਗਿਆ। ਚਾਰ ਵਾਰ ਕਾਰਵਾਈ ਮੁਲਤਵੀ ਹੋਣ ਪਿੱਛੋਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਵਿਧਾਨ ਸਭਾ ਸਪੀਕਰ ਵਿਜੇ ਸਿਨਹਾ ਨੂੰ ਉਨ੍ਹਾਂ ਦੇ ਚੈਂਬਰ ਵਿਚ ਬੰਦੀ ਬਣਾ ਕੇ ਚੈਂਬਰ ਦੇ ਮੁੱਖ ਦਰਵਾਜ਼ੇ ਨੂੰ ਰੱਸੀ ਬੰਨ੍ਹ ਕੇ ਬੰਦ ਕਰ ਦਿੱਤਾ। ਰਾਸ਼ਟਰੀ ਜਨਤਾ ਦਲ ਤੇ ਕਾਂਗਰਸ ਦੀਆਂ 7 ਮਹਿਲਾ ਮੈਂਬਰਾਂ ਨੇ ਸਪੀਕਰ ਦੀ ਚੇਅਰ ਘੇਰ ਲਈ ਤਾਂ ਲਗਾਤਾਰ ਘੰਟੀ ਵੱਜਦੀ ਰਹੀ, ਪਰ ਮਹਿਲਾ ਮੈਂਬਰਾਂ ਨੇ ਓਥੋਂ ਹਟਣ ਤੋਂ ਇਨਕਾਰ ਕਰ ਦਿੱਤਾ।



ਇਸ ਤੋਂ ਪਹਿਲਾਂ ਹਾਊਸ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਡਾ. ਪ੍ਰੇਮ ਕੁਮਾਰ ਸਪੀਕਰ ਵਜੋਂ ਕਾਰਵਾਈ ਚਲਾਉਣ ਲੱਗੇ ਤਾਂ ਵਿਰੋਧੀ ਧਿਰ ਦੇ 12-13 ਵਿਧਾਇਕ ਵੈੱਲ ਦੇ ਨੇੜੇ ਚਲੇ ਗਏ ਅਤੇ ਬਿੱਲ ਪਾੜ ਦਿੱਤਾ। ਫਿਰ ਉਹ ਰਿਪੋਰਟਰਜ਼ਦੇ ਟੇਬਲ ਉੱਤੇ ਚੜ੍ਹ ਗਏ ਤੇ ਬਾਅਦ ਵਿੱਚ ਰਿਪੋਰਟਰਜ਼ ਟੇਬਲ ਵੀ ਤੋੜ ਦਿੱਤਾ। ਰਾਸ਼ਟਰੀ ਜਨਤਾ ਦਲ ਮੈਂਬਰਾਂ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਸਾਹਮਣੇ ਕੁਰਸੀਆਂ ਸੁੱਟੀਆਂ ਅਤੇ ਹਾਲਾਤ ਵਿਗੜਦੇ ਦੇਖ ਕੇ ਪੁਲਸ ਸੱਦੀ ਗਈ। ਪਟਨਾ ਦੇ ਜ਼ਿਲਾ ਮੈਜਿਸਟਰੇਟਅਤੇ ਐੱਸ ਐੱਸ ਪੀ ਭਾਰੀ ਪੁਲਸ ਫੋਰਸ ਨਾਲਹਾਊਸ ਅੰਦਰ ਪਹੁੰਚੇ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਦੀ ਜ਼ਿਲਾ ਮੈਜਿਸਟਰੇਟਅਤੇ ਐੱਸ ਐੱਸ ਪੀ ਸਮੇਤ ਪੁਲਸ ਨਾਲ ਜ਼ੋਰਦਾਰ ਧੱਕਾ-ਮੁੱਕੀ ਹੋ ਗਈ। ਵਿਰੋਧੀ ਧਿਰ ਦੇ ਕਈ ਵਿਧਾਇਕਾਂ ਨੇ ਜ਼ਿਲਾ ਮੈਜਿਸਟਰੇਟਅਤੇ ਐੱਸ ਐੱਸ ਪੀ ਨਾਲ ਬਦਸਲੂਕੀ ਕੀਤੀ ਤੇਹਾਊਸ ਵਿਚ ਮੰਤਰੀ ਅਸ਼ੋਕ ਚੌਧਰੀ ਤੇ ਰਾਸ਼ਟਰੀ ਜਨਤਾ ਦਲ ਦੇ ਵਿਧਾਇਕ ਚੰਦਰ ਸ਼ੇਖਰ ਹੱਥੋਪਾਈ ਹੋ ਗਏ। ਇਸ ਮੌਕੇ ਮੰਤਰੀ ਅਸ਼ੋਕ ਚੌਧਰੀ ਨੇ ਵਿਰੋਧੀ ਧਿਰ ਦੇ ਵਿਧਾਇਕ ਨੂੰ ਧੱਕਾ ਦੇ ਦਿੱਤਾ ਤਾਂ ਚੰਦਰ ਸ਼ੇਖਰ ਨੇ ਮੰਤਰੀ ਅਸ਼ੋਕ ਚੌਧਰੀ ਵੱਲ ਮਾਈਕ੍ਰੋਫੋਨ ਸੁੱਟਿਆ। ਵਿਧਾਨ ਸਭਾ ਸਪੀਕਰ ਦੇ ਚੈਂਬਰ ਅੱਗੇ ਮੌਜੂਦ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਹਟਾਉਣ ਲਈ ਮਾਰਸ਼ਲ ਸੱਦੇ ਤਾਂ ਉਹ ਇਕ-ਇਕ ਕਰ ਕੇ ਵਿਰੋਧੀ ਮੈਂਬਰਾਂ ਨੂੰ ਚੁੱਕ ਕੇ ਬਾਹਰ ਸੁੱਟਣ ਲੱਗ ਪਏ। ਇਸ ਦੌਰਾਨ ਮਕਦੂਮਪੁਰ ਤੋਂ ਰਾਸ਼ਟਰੀ ਜਨਤਾ ਦਲ ਦੇ ਵਿਧਾਇਕ ਸਤੀਸ਼ ਕੁਮਾਰ ਦਾਸ ਬੇਹੋਸ਼ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵੱਲਲਿਜ-ਾਇਆ ਗਿਆ। ਮਾਰਕਸੀ ਕਮਿਊਨਿਸਟ ਪਾਰਟੀ ਦੇ ਵਿਧਾਇਕ ਸਤੇਂਦਰ ਯਾਦਵ ਅਤੇ ਰਾਸ਼ਟਰੀ ਜਨਤਾ ਦਲ ਦੇ ਵਿਧਾਇਕ ਰੀਤਲਾਲ ਯਾਦਵ ਵੀ ਜ਼ਖਮੀ ਹੋ ਗਏ। ਸਤੀਸ਼ ਕੁਮਾਰ ਦਾਸ ਨੇ ਦੋਸ਼ ਲਾਇਆ ਕਿ ਪੁਲਸ ਨੇ ਉਨ੍ਹਾਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਨੈਨੀ ਦੀ ਲੋੜ
Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:
416-556-6884

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# 75 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹੋ?


## ਹੁਣ ਤੁਸੀਂ ਆਪਣੀ ਕੋਵਿਡ-19 ਵੈਕਸੀਨ ਬੁੱਕ ਕਰ ਸਕਦੇ ਹੋ

905-791-5202
peelregion.ca/covid19vaccine

Region of Peel
working with you

# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | **647-739-4641**
satsahibusa@gmail.com | **346-714-0224**



# KAMAL SANDHU
Sales Representative
**647.891.0143**

RE/MAX GOLD
realtorkamalsandhu@gmail.com
www.arearealtor.com

*Looking For a Nest..? Call the Best*




EXCLUSIVE FOR SALE IN WOODSTOCK

CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |



CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |

FOR SALE

EXCLUSIVE
JAMES C

KAMAL SANDHU RE/MAX GOLD REALTY INC BROKERAGE

# ਚੋਣ ਮੈਨੀਫੈਸਟੋ ਵੋਟਾਂ ਦੇ ਬਦਲੇ ਇੱਕ ਸਿਆਸੀ ਸੌਦਾ ਹੁੰਦੈ

-ਕਲਿਆਣੀ ਸ਼ੰਕਰ-

ਪ੍ਰਸਿੱਧ ਲੇਖਿਕ ਐਮਾ ਗੋਲਡਮੈਨ ਨੇ ਇੱਕ ਵਾਰ ਕਿਹਾ ਸੀ, 'ਸਿਆਸੀ ਆਗੂ ਤੁਹਾਨੂੰ ਚੋਣਾਂ ਤੋਂ ਪਹਿਲਾਂ ਸਵਰਗ ਦਿਖਾਉਣ ਦਾ ਵਾਅਦਾ ਕਰਦੇ ਹਨ, ਪਰ ਬਾਅਦ ਵਿੱਚ ਤੁਹਾਨੂੰ ਨਰਕ ਦਿੰਦੇ ਹਨ।' ਇਹ ਸੱਚ ਹੈ ਕਿ ਕਿਸੇ ਵੀ ਪਾਰਟੀ ਨੇ ਕਦੇ ਵੀ ਐਲਾਨ ਪੱਤਰਾਂ ਨੂੰ ਸੌ ਫੀਸਦੀ ਲਾਗੂ ਨਹੀਂ ਕੀਤਾ। ਸੱਤਾ ਵਿੱਚ ਆਉਣ ਪਿੱਛੋਂ ਵਾਅਦੇ ਪਾਲਣ ਦੀ ਦਰ ਵਧੇਰੇ ਪਾਰਟੀਆਂ ਲਈ ਅਨਿਸ਼ਚਿਤ ਹੈ ਤਾਂ ਚੋਣਾਂ ਤੋਂ ਪਹਿਲਾਂ ਐਲਾਨ ਕਰਨ ਦਾ ਕੀ ਮਕਸਦ ਹੈ? ਸਿਆਸੀ ਐਲਾਨ ਪੱਤਰਾਂ ਦਾ ਇੱਕ ਲੰਬਾ ਇਤਿਹਾਸ ਹੈ। ਐਲਾਨ ਪੱਤਰ ਮੁੱਖ ਤੌਰ ਉੱਤੇ ਹਰ ਸਿਆਸੀ ਪਾਰਟੀ ਦੀਆਂ ਮਾਨਤਾਵਾਂ ਜਾਂ ਮਕਸਦਾਂ ਦਾ ਇੱਕ ਲਿਖਤੀ ਬਿਆਨ ਹੈ। ਸਾਲ 1848 ਵਿੱਚ ਕਮਿਊਨਿਸਟਾਂ ਨੇ ਅਤੇ 1850 ਵਿੱਚ ਅਰਾਜਕਤਾਵਾਦੀਆਂ ਨੇ ਆਪਣਾ ਐਲਾਨ ਪੱਤਰ ਜਾਰੀ ਕੀਤਾ ਸੀ। ਫਿਰ 1919 ਵਿੱਚ ਫਾਸ਼ੀਵਾਦੀ ਐਲਾਨ ਪੱਤਰ ਆਏ, ਜਿਨ੍ਹਾਂ ਵਿੱਚ ਔਰਤਾਂ ਨੂੰ ਵੋਟਾਂ ਪਾਉਣ, ਬਰਾਬਰ ਦੀ ਪ੍ਰਤੀਨਿਧਤਾ ਅਤੇ ਘੱਟੋ-ਘੱਟ ਮਜ਼ਦੂਰੀ ਆਦਿ ਦਾ ਅਧਿਕਾਰ ਮੰਗਿਆ ਗਿਆ ਸੀ।

ਸਿਆਸੀ ਐਲਾਨ ਪੱਤਰ ਦਿਲਚਸਪ ਹੈ ਕਿਉਂਕਿ ਵੋਟਰਾਂ ਨੂੰ ਇਸ ਗੱਲ ਦੀ ਝਲਕ ਮਿਲਦੀ ਹੈ ਕਿ ਉਨ੍ਹਾਂ ਦੇ ਲਈ ਉਹ ਪਾਰਟੀ ਚੋਣਾਂ ਦੇ ਪਿਟਾਰੇ ਵਿੱਚ ਕੀ ਲਿਆਈ ਹੈ, ਜਿਸ ਨੂੰ ਉਹ ਸੱਤਾ ਸੌਂਪਣ ਲਈ ਵੋਟ ਦੇ ਰਹੇ ਹਨ। ਭਾਰਤ ਵਿੱਚ ਇਹ ਵਧ ਪ੍ਰਸੰਗਿਕ ਹੈ ਕਿਉਂਕਿ ਸਿਆਸੀ ਪਾਰਟੀਆਂ ਬੜੀ ਤੇਜ਼ੀ ਨਾਲ ਵਧ ਰਹੀਆਂ ਹਨ। ਚੋਣ ਕਮਿਸ਼ਨ ਦੇ ਅਨੁਸਾਰ ਰਜਿਸਟਰਡ ਪਾਰਟੀਆਂ ਦੀ ਕੁਲ ਗਿਣਤੀ 2698 ਹੈ, ਜਿਸ ਵਿੱਚ 8 ਰਾਸ਼ਟਰੀ ਪਾਰਟੀਆਂ, 52 ਸੂਬਾ ਪਾਰਟੀਆਂ ਅਤੇ 2638 ਗੈਰ-ਮਾਨਤਾ ਪ੍ਰਾਪਤ ਪਾਰਟੀਆਂ ਹਨ। ਕਿਉਂਕਿ ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਚੋਣਾਂ ਸਿਰ ਉੱਤੇ ਹਨ, ਇਸ ਲਈ ਐਲਾਨ ਪੱਤਰਾਂ ਦੀ ਬੌਛਾੜ ਹੋਣਾ ਲਾਜ਼ਮੀ ਹੈ। ਸਿਆਸੀ ਪਾਰਟੀਆਂ, ਮੁੱਖ ਤੌਰ ਉੱਤੇ ਖੇਤਰੀ ਪਾਰਟੀਆਂ ਲੈਪਟਾਪ, ਸਾਈਕਲ, ਮਿਕਸਰ, ਟੈਲੀਵਿਜ਼ਨਅਤੇ ਇੱਥੋਂ ਤੱਕ ਕਿ ਵਾਸ਼ਿੰਗ ਮਸ਼ੀਨਾਂ ਵੰਡਣ ਦਾ ਵਾਅਦਾ ਕਰਦ ਰਹੀਆਂ ਹਨ। ਖੇਤਰੀ ਪਾਰਟੀਆਂ ਤੇ ਇੱਥੋਂ ਤੱਕ ਕਿ ਸਿਆਸੀ ਪਾਰਟੀਆਂ ਵੋਟਰਾਂ ਨੂੰ ਲੁਭਾਉਣ ਲਈ ਵਧੇਰੇ ਮੁਫਤ ਬਿਜਲੀ, ਕਿਸਾਨਾਂ ਦਾ ਕਰਜ਼ ਮਾਫ, ਬਿਨਾਂ ਫ਼ੀਸ ਪੀਣ ਦਾ ਪਾਣੀ ਆਦਿ ਦੇਣ ਦਾ ਵਾਅਦਾ ਕਰਦੀਆਂ ਹਨ।

ਮਿਸਾਲ ਵਜੋਂ ਤਾਮਿਲ ਨਾਡੂ ਵਿੱਚ ਡੀ ਐੱਮ ਕੇ ਨੇ ਇਸ ਹਫ਼ਤੇ ਆਪਣਾ ਐਲਾਨ ਪੱਤਰ ਜਾਰੀ ਕੀਤਾ, ਜਿਸ ਵਿੱਚ 500 ਚੋਣ ਵਾਅਦਿਆਂ ਦੀ ਤਜਵੀਜ਼ ਰੱਖੀ ਗਈ ਹੈ। ਇਨ੍ਹਾਂ ਵਾਅਦਿਆਂ ਵਿੱਚ ਸਿੱਖਿਆ ਕਰਜ਼ੇ ਦੀ ਛੋਟ (30 ਸਾਲਾਂ ਤੋਂ ਘੱਟ ਉਮਰ ਵਾਲਿਆਂ ਲਈ) ਤੇ ਤੇਲ ਵਿੱਚ ਕਟੌਤੀ ਸ਼ਾਮਲ ਹੈ। ਇਸ ਦੇ ਨਾਲ ਪਾਰਟੀ ਨੇ ਹਿੰਦੂ ਮੰਦਰਾਂ ਦੇ ਨਵੀਨੀਕਰਨ ਅਤੇ ਬਦਲਾਅ ਲਈ 1000 ਕਰੋੜ ਰੁਪਏ ਦੀ ਅਲਾਟਮੈਂਟ ਦਾ ਵਾਅਦਾ ਕੀਤਾ ਹੈ। ਪਾਰਟੀ ਮੁਖੀ ਐਮ ਕੁ ਸਟਾਲਿਨ ਨੇ ਐਲਾਨ ਕੀਤਾ ਕਿ ਪਾਰਟੀ ਚਰਚਾਂ ਅਤੇ ਮਸਜਿਦਾਂ ਲਈ 200 ਕਰੋੜ ਰੁਪਏ ਵੰਡੇਗੀ। ਇਹ ਸਭ ਲਾਲਚ ਅਜਿਹੀ ਪਾਰਟੀ ਤੋਂ ਹਨ, ਜੋ ਨਾਸਤਿਕ ਪਾਰਟੀ ਮੰਨੀ ਜਾਂਦੀ ਹੈ।



1980 ਵਿੱਚ ਇੱਕ ਵਾਰ ਮੈਂ ਵਿੱਤ ਮੰਤਰੀ ਮਧੂ ਦੰਡਵਤੇ ਤੋਂ ਪੁੱਛਿਆ ਸੀ ਕਿ ਕਿਸਾਨਾਂ ਨੂੰ ਦਸ ਹਜ਼ਾਰ ਰੁਪਏ ਮਾਫ ਕਰਨ ਦਾ ਜਨਤਾ ਦਲ ਦਾ ਚੋਣ ਵਾਅਦਾ ਉਹ ਕਿਵੇਂ ਪੂਰਾ ਕਰਨਗੇ। ਉਨ੍ਹਾਂ ਨੇ ਮੁਸਕੁਰਾਉਂਦੇ ਹੋਏ ਕਿਹਾ, 'ਅਸੀਂ ਵਾਅਦਾ ਕੀਤਾ ਸੀ, ਕਿਉਂਕਿ ਅਸੀਂ ਨਹੀਂ ਸੋਚਿਆ ਸੀ ਕਿ ਇੰਨੀ ਜਲਦੀ ਸੱਤਾ ਵਿੱਚ ਆ ਜਾਵਾਂਗੇ।' ਮੁਫ਼ਤ ਦੀ ਪੇਸ਼ਕਸ਼ ਕਰਦੇ ਸਮੇਂ ਕੀ ਪਾਰਟੀਆਂ ਨੇ ਉਨ੍ਹਾਂ ਨੂੰ ਲਾਗੂ ਕਰਨ ਦੀ ਲਾਗਤ ਦੀ ਗਿਣਤੀ ਕੀਤੀ ਕਿ ਉਨ੍ਹਾਂ ਨੂੰ ਪੈਸਾ ਕਿੱਥੋਂ ਮਿਲੇਗਾ?

ਭਾਜਪਾ ਅਤੇ ਕਾਂਗਰਸ ਦੇਸ਼ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਦੇਣ ਦਾ ਵਾਅਦਾ ਕੀਤਾ ਹੈ। ਮੌਜੂਦਾ ਸਰਕਾਰ ਰਾਮ ਮੰਦਰ, ਧਾਰਾ 370 ਨੂੰ ਰੱਦ ਕਰਨ ਦੇ ਪਹਿਲੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਵਧ ਰਹੀ ਹੈ। 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਆਪਣੇ 'ਸੰਕਲਪ ਪੱਤਰ' ਵਿੱਚ ਭਰੋਸਾ ਦਿੱਤਾ ਕਿ ਭਾਰਤ ਨੂੰ 2030 ਤੱਕ ਦੁਨੀਆ ਦੀ ਤੀਸਰੀ ਸਭ ਤੋਂ ਵੱਡੀ ਅਰਥ ਵਿਵਸਥਾ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਵੀ ਕੀਤਾ ਹੈ। 'ਸੰਕਲਪ ਪੱਤਰ' ਵਿੱਚ ਅਜਿਹੇ 75 ਸੰਕਲਪ ਸਨ।

ਸੱਤਾ ਵਿੱਚ ਚੁਣੀ ਗਈ ਕਿਸੇ ਵੀ ਪਾਰਟੀ ਨੇ ਆਪਣਾ ਐਲਾਨ ਪੱਤਰ 100 ਫੀਸਦੀ ਪੂਰਾ ਨਹੀਂ ਕੀਤਾ। ਆਂਧਰਾ ਪ੍ਰਦੇਸ਼ ਦੇ ਸਵਰਗੀ ਮੁੱਖ ਮੰਤਰੀ ਐਨ ਟੀ ਰਾਮਾਰਾਓ ਸਿਰਫ ਇੱਕ ਸਫੇ ਦੇ ਐਲਾਨ ਪੱਤਰ ਨਾਲ ਆਏ ਸਨ, ਜਿਸ ਵਿੱਚ ਭੋਜਨ, ਕੱਪੜੇ ਤੇ ਘਰ ਨਾਲ ਸਬੰਧਤ ਵਾਅਦੇ ਕੀਤੇ ਗਏ ਸਨ। ਉਨ੍ਹਾਂ ਨੇ ਇੱਕ ਵਿਸ਼ਾਲ ਲੋਕ ਫਤਵਾ ਜਿੱਤਿਆ ਸੀ। ਇਸ ਲਈ ਪਾਰਟੀ ਵੱਲੋਂ ਕੀਤੇ ਵਾਅਦਿਆਂ ਦੀ ਗਿਣਤੀ ਮਾਇਨੇ ਨਹੀਂ ਰੱਖਦੀ, ਸਗੋਂ ਉਨ੍ਹਾਂ ਨੂੰ ਪੂਰਾ ਕਰਨ ਦਾ ਮਾਇਨੇ ਰੱਖਦੀ ਹੈ। ਕਾਂਗਰਸ, ਭਾਜਪਾ ਤੇ ਖੱਬੇ ਪੱਖੀ ਪਾਰਟੀਆਂ ਵਰਗੀਆਂ ਰਾਸ਼ਟਰੀ ਪਾਰਟੀਆਂ ਨੇ ਐਲਾਨ ਪੱਤਰ ਵਿੱਚ ਆਮ ਤੌਰ ਉੱਤੇ ਸਿਆਸੀ, ਆਰਥਿਕ ਅਤੇ ਕੌਮਾਂਤਰੀ ਸੰਕਲਪਾਂ ਦਾ ਵਰਣਨ ਕੀਤਾ ਹੈ।

ਅਮਰੀਕਾ ਵਿੱਚ ਐਲਾਨ ਪੱਤਰ ਜ਼ਿਆਦਾਤਰ ਆਰਥਿਕ ਨੀਤੀ, ਵਿਦੇਸ਼ ਨੀਤੀ, ਸਿਹਤ ਦੇਖਭਾਲ, ਪ੍ਰਸ਼ਾਸਨਿਕ ਸੁਧਾਰ, ਵਾਤਾਵਰਣ ਮੁੱਦੇ, ਇਮੀਗ੍ਰੇਸ਼ਨ ਆਦਿ ਨੀਤੀਆਂ ਉੱਤੇ ਆਧਾਰਤ ਹੁੰਦੇ ਹਨ। ਅਮਰੀਕੀ ਰਾਸ਼ਟਰਪਤੀ ਜੋਅ-ਬਾਈਡੇਨ ਨੇ ਆਪਣੀ ਚੋਣ ਮੁਹਿੰਮ ਦੇ ਦੌਰਾਨ ਭਾਰਤੀ ਅਮਰੀਕੀਆਂ ਲਈ ਇੱਕ ਵੱਖਰਾ ਏਜੰਡਾ ਵੀ ਜਾਰੀ ਕੀਤਾ ਸੀ।

ਸਿਆਸੀ ਪਾਰਟੀਆਂ ਨੂੰ ਆਪਣੇ ਵਾਅਦਿਆਂ ਪ੍ਰਤੀ ਜਵਾਬਦੇਹ ਬਣਾਉਣਾ ਜ਼ਰੂਰੀ ਹੈ ਕਿਉਂਕਿ ਐਲਾਨ ਪੱਤਰ ਵੋਟਾਂ ਦੇ ਬਦਲੇ ਇੱਕ ਸਿਆਸੀ ਸੌਦਾ ਹੈ, ਨਹੀਂ ਤਾਂ ਇਹ ਸ਼ੀਸ਼ੇ ਵਿੱਚ ਚੰਦਰਮਾ ਦਿਖਾਉਣ ਵਰਗਾ ਹੋ ਜਾਂਦਾ ਹੈ। ਐਲਾਨ ਪੱਤਰ ਕਾਨੂੰਨੀ ਤੌਰ ਉੱਤੇ ਪਾਬੰਦਕਾਰੀ ਹੋਣਾ ਚਾਹੀਦਾ ਹੈ ਨਹੀਂ ਤਾਂ ਉਸਦਾ ਮਕਸਦ ਕੁਝ ਨਹੀਂ ਰਹਿ ਜਾਂਦਾ।

## ਕਹਾਣੀ

## ਗੰਨੂ

-ਜੈਨੰਦਨ-

ਦਸ ਬਸੰਤ ਦੇਖਣ ਦੇ ਬਾਅਦ ਪੰਜਵੀਂ ਕਲਾਸ ਤੋਂ ਅੱਗੇ ਪੜ੍ਹਨ ਲਈ ਗੰਨੂ ਨੂੰ ਆਪਣੇ ਚਾਚਾ ਕੋਲ ਸ਼ਹਿਰ ਆਉਣਾ ਪਿਆ। ਪਿੰਡ ਵਿੱਚ ਸਰਕਾਰੀ ਸਕੂਲ ਤੋਂ ਉਪਰ ਦਾ ਸਾਧਨ ਨਹੀਂ ਸੀ। ਪੰਜ ਕੋਹ ਦੂਰ ਇੱਕ ਦੂਸਰੇ ਪਿੰਡ ਮੰਜੌਰ ਵਿੱਚ ਇੱਕ ਖਸਤਾਹਾਲ ਹਾਈ ਸਕੂਲ ਸੀ, ਜਿੱਥੇ ਰੋਜ਼ ਆਉਣ-ਜਾਣ ਅਤੇ ਅੱਗੇ ਪੜ੍ਹਨ ਦਾ 'ਹਾਰੇ ਨੂੰ ਹਰਿਨਾਮ' ਵਾਲਾ ਇੱਕੋ-ਇੱਕ ਬਦਲ ਸੀ। ਉਸ ਦੇ ਕਿਸਾਨ ਪਿਤਾ ਰਾਮਚਰਨ ਨੇ ਲੋਹੇ ਦੇ ਕਾਰਖਾਨੇ ਵਿੱਚ ਕੰਮ ਕਰਦੇ ਆਪਣੇ ਛੋਟੇ ਭਰਾ ਰਾਮਸ਼ਰਨ ਨੂੰ ਕਿਹਾ, ''ਗੰਨੂ ਨੂੰ ਅਸੀਂ ਅੱਗੇ ਚੰਗੀ ਤਰ੍ਹਾਂ ਪੜ੍ਹਾਉਣਾ ਚਾਹੁੰਦੇ ਹਾਂ ਛੋਟੇ। ਤੂੰ ਜੇ ਇਸ ਦਾ ਜ਼ਿੰਮਾ ਚੁੱਕ ਲਏਂ ਤਾਂ ਸਾਡੀ ਆਸ ਪੂਰੀ ਹੋ ਜਾਏਗੀ।''

ਦੋਵੇਂ ਭਰਾ ਵਿੱਚ ਬਹੁਤ ਪ੍ਰੇਮ ਸੀ। ਭਰਾ ਰਾਮਸ਼ਰਨ ਨੇ ਕਿਹਾ, ''ਜ਼ਰੂਰ ਵੀਰ ਜੀ। ਗੰਨੂ ਦੇ ਅਸੀਂ ਵੀ ਕੁਝ ਲੱਗਦੇ ਹਾਂ, ਕਿਉਂ ਨਹੀਂ ਉਸ ਨੂੰ ਆਪਣੇ ਨਾਲ ਰੱਖਾਂਗੇ? ਇਸੇ ਦਾ ਤਾਂ ਜੋੜੀਦਾਰ ਹੈ ਸਾਡਾ ਛੋਟਾ ਤਰੇਂਗਨ। ਲਿਖਾ ਦੇਵਾਂਗੇ ਅਸੀਂ ਇਸ ਦਾ ਨਾਂਅ ਵੀ ਉਸੇ ਦੇ ਸਕੂਲ ਵਿੱਚ। ਦੋਵੇਂ ਇਕੱਠੇ ਆਇਆ-ਜਾਇਆ ਕਰਨਗੇ।''

ਰਾਮਚਰਨ ਬੜੇ ਖੁਸ਼ ਹੋਏ। ਖੁਸ਼ੀ ਦੇ ਮਾਰੇ ਗੰਨੂ ਦੇ ਅੰਦਰ ਬਹੁਤ ਸਾਰੇ ਸੁਫਨੇ ਖਿੜ ਉਠੇ; ਸ਼ਹਿ ਦੇਖੇਗਾ, ਚੌੜੀਆਂ ਸੜਕਾਂ, ਵੱਡੀਆਂ-ਵੱਡੀਆਂ ਬਿਲਡਿੰਗਾਂ, ਢੇਰ ਸਾਰੀਆਂ ਦੁਕਾਨਾਂ, ਤਰੇਂਗਨ ਵਾਂਗ ਸਕੂਲ ਦੀ ਡ੍ਰੈੱਸ, ਬੈਠਣ ਲਈ ਬੈਂਚ-ਡੈਸਕ, ਚਮਕਾਂ ਮਾਰਦੇ ਫਲੈਟ ਵਿੱਚ ਰਹਿਣ ਦਾ ਮਜ਼ਾ, ਬਿਜਲੀ ਦੀ ਜਗਮਗਾਹਟ, ਘਰ ਵਿੱਚ ਹੀ ਨਹਾਉਣਾ, ਘਰ ਵਿੱਚ ਹੀ ਟਾਇਲੇਟ। ਸਿਰਫ ਇੱਕ ਗੱਲ ਉਸ ਨੂੰ ਰੜਕ ਗਈ ਕਿ ਉਸ ਉਤੇ ਜੀਅ ਜਾਨ ਨਾਲ ਨਿਛਾਵਰ ਕਰਨ ਵਾਲੀ ਮਾਂ ਅਤੇ ਆਪਣੀ ਉਸ ਸਿੱਧੀ-ਸਾਦੀ ਗੋਰੀ ਗਾਂ ਦੀ ਵੱਛੀ ਨਾਲ ਲਿਪਟ ਨਹੀਂ ਸਕੇਗਾ। ਮਾਂ ਸਾਹਮਣੇ ਬਿਠਾ ਕੇ ਖਾਣਾ ਖੁਆਉਂਦੀ ਸੀ ਅਤੇ ਗੋਰੀ ਦੁੱਧ-ਦਹੀਂ ਨਾਲ ਉਸ ਨੂੰ ਤ੍ਰਿਪਤ ਰੱਖਦੀ ਸੀ।

ਗੰਨੂ ਸ਼ਹਿਰ ਆ ਗਿਆ। ਜ਼ਿਲਾ ਨਵਾਦਾ ਦੇ ਆਪਣੇ ਪਿੰਡ ਸੋਨੂੰਬਿਗਹਾ ਤੋਂ ਚਾਰ ਸੌ ਕਿਲੋਮੀਟਰ ਦੂਰ। ਸੁਫਨਿਆਂ ਦੇ ਜਿਵੇਂ ਫੁੱਲ ਖਿੜੇ ਸਨ ਉਸ ਦੇ ਮਨ ਵਿੱਚ, ਉਂਝ ਵੀ ਸਭ ਕੁਝ ਪਾਇਆ ਹੈ ਉਸ ਨੇ ਇੱਥੇ। ਸਕੂਲ ਬਸ ਆਉਂਦੀ, ਜਿਸ ਉੱਤੇ ਆਪਣੇ ਚਚੇਰੇ ਭਰਾ ਤਰੇਂਗਨ ਦੇ ਨਾਲ ਉਹ ਵੀ ਸਵਾਰ ਹੋ ਜਾਂਦਾ। ਰਾਮਸ਼ਰਨ ਨੇ ਕਿਹਾ ਦਿੱਤਾ ਸੀ ਘਰ ਵਿੱਚ, 'ਇਸ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਮੇਰੇ ਦਿਆਲੂ-ਕਿਰਪਾਲੂ ਭਰਾ ਦਾ ਲਾਡਲਾ ਬੇਟਾ ਹੈ। ਉਨ੍ਹਾਂ ਨੇ ਇਕੱਲੇ ਖੇਤੀ ਸੰਭਾਲ ਕੇ ਮੈਨੂੰ ਪੜ੍ਹਨ ਦਾ ਮੌਕਾ ਦਿੱਤਾ। ਖੁਦ ਅਨਪੜ੍ਹ ਰਹਿ ਗਏ। ਤਰੇਂਗਨ ਵਾਂਗ ਘਰ ਵਿੱਚ ਹਰ ਚੀਜ਼ ਉੱਤੇ ਗੰਨੂ ਦਾ ਵੀ ਹੱਕ ਰਹੇਗਾ।''

ਤਰੇਂਗਨ ਅਤੇ ਉਸ ਦੀ ਮਾਂ ਨਿਹੋਰਾ ਦੇਵੀ ਨੇ ਪ੍ਰਵਚਨ ਵਾਂਗ ਇੱਕ ਕੰਨ ਵਿੱਚੋਂ ਸੁਣਿਆ ਅਤੇ ਦੂਸਰੇ ਵਿੱਚੋਂ ਕੱਢ ਦਿੱਤਾ। ਉਸ ਦਾ ਇੱਥੇ ਆ ਕੇ ਰਹਿਣਾ ਜ਼ਰਾ ਵੀ ਉਨ੍ਹਾਂ ਦੇ ਗਲੇ ਵਿੱਚੋਂ ਹੇਠਾਂ ਨਹੀਂ ਉਤਰ ਰਿਹਾ ਸੀ। ਤਰੇਂਗਨ ਨੇ ਤਾਂ ਉਸ ਦੇ ਆਉਂਦੇ ਹੀ ਰੋਹਬ ਝਾੜਦੇ ਹੋਏ ਸਾਫ-ਸਾਫ ਹਦਾਇਤ ਕਰ ਦਿੱਤੀ ਸੀ, 'ਤੂੰ ਮੇਰਾ ਕੋਈ ਸਾਮਾਨ ਜਿਵੇਂ ਬੈਟ-ਬਾਲ, ਸਟਿਕ, ਕਿਤਾਬ, ਮੋਬਾਈਲ, ਸਾਈਕਲ ਨੂੰ ਹੱਥ ਨਹੀਂ ਲਾਵੇਂਗਾ, ਜੋ ਤੈਨੂੰ ਚਾਹੀਦੇ ਆਪਣੇ ਚਾਚੇ ਤੋਂ ਮੰਗ ਲੈਣਾ।'

ਨਿਹੋਰਾ ਦੇਵੀ ਵੀ ਖਿਝੀ ਹੋਈ ਸੀ ਕਿ ਬੇਵਜ੍ਹਾ ਉਸ ਦੇ ਬੇਟੇ ਦਾ ਇੱਕ ਹਿੱਸੇਦਾਰ ਲਿਆ ਕੇ ਸਿਰ ਉੱਤੇ ਬੋਝ ਵਧਾ ਦਿੱਤਾ। ਗੰਨੂ ਸਮਝ ਗਿਆ ਕਿ ਚਾਚਾ ਜ਼ਰੂਰ ਉਸ ਦੇ ਹਨ, ਪਰ ਇਹ ਘਰ ਉਸ ਦਾ ਨਹੀਂ। ਚਾਚੀ ਦੇ ਹਰ ਵਤੀਰੇ ਵਿੱਚ ਉਸ ਨੂੰ ਓਪਰੇਪਣ ਦੀ ਝਲਕ ਮਿਲ ਜਾਂਦੀ, ਖਾਣਾ ਖਵਾਉਣ ਵਿੱਚ, ਉਸ ਦੇ ਕੱਪੜੇ ਅਤੇ ਬੂਟ ਪਾਲਿਸ਼ ਵਿੱਚ, ਉਸ ਨਾਲ ਬੋਲਣ-ਚਾਲਣ ਵਿੱਚ, ਉਸ ਨੂੰ ਬਿਨਾਂ ਕਾਰਨ ਵਰਜਦੇ ਰਹਿਣ ਵਿੱਚ।

ਤਰੇਂਗਨ ਨਾਲ ਉਹ ਨੇੜਤਾ ਵਧਾਉਣਾ ਚਾਹੁੰਦਾ ਤਾਂ ਉਹ ਝਿੜਕ ਕੇ ਦੂਰ ਭਜਾ ਦਿੰਦਾ। ਉਹ ਜਦ ਵੀ ਘਰ ਵਿੱਚ ਹੁੰਦਾ ਮੋਬਾਈਲ ਨਾਲ ਚਿਪਕ ਜਾਂਦਾ। ਉਸ ਵਿੱਚੋਂ ਅਜੀਬ-ਅਜੀਬ ਤਰ੍ਹਾਂ ਦੀਆਂ ਆਵਾਜ਼ਾਂ ਆਉਂਦੀਆਂ। ਗੰਨੂ ਨੂੰ ਇਸ ਤਰ੍ਹਾਂ ਦੇ ਮੋਬਾਈਲ ਦੇਖਣ ਦਾ ਕਦੇ ਮੌਕਾ ਨਹੀਂ ਮਿਲਿਆ ਸੀ। ਛੋਟਾ ਮੋਬਾਈਲ ਉਸ ਨੇ ਦੇਖਿਆ ਸੀ, ਜੋ ਬਟਨ ਉੱਤੇ ਉਂਗਲਾਂ ਦਬਾਉਣ ਨਾਲ ਕੰਮ ਕਰਦਾ ਸੀ। ਸਿਰਫ ਛੂਹ ਕੇ ਚੱਲਣ ਵਾਲਾ ਮੋਬਾਈਲ ਸੈਟ ਉਹ ਪਹਿਲੀ ਵਾਰ ਤਰੇਂਗਨ ਦੇ ਹੱਥ ਵਿੱਚ ਦੇਖ ਰਿਹਾ ਸੀ। ਦੋ-ਤਿੰਨ ਵਾਰ ਉਸ ਨੇ ਜ਼ਰਾ ਉਸ ਦੇ ਕੋਲ ਜਾ ਕੇ ਸਮਝਣਾ ਚਾਹਿਆ ਕਿ ਆਖਰ ਛੂਹ ਲੈਣ ਨਾਲ ਇਹ ਮੋਬਾਈਲ ਜਾਦੂ ਕਿਵੇਂ ਕਰ ਰਿਹਾ ਹੈ, ਪਰ ਉਸ ਨੇ ਉਸ ਉੱਤੇ ਜ਼ਰਾ ਵੀ ਨਰਮੀ ਨਹੀਂ ਵਰਤੀ। ਚਾਚੀ ਨੇ ਵੀ ਝਿੜਕ ਦਿੱਤਾ, 'ਤੂੰ ਕਿਉਂ ਵਾਰ-ਵਾਰ ਮੇਰੇ ਪੁੱਤ ਨੂੰ ਤੰਗ ਕਰਦਾ ਰਹਿੰਦਾ ਏਂ। ਕੀ ਇਹੀ ਕੰਮ ਲਈ ਤੂੰ ਇੱਥੇ ਆਇਆ ਏਂ?'

ਉਦਾਸ ਹੋ ਕੇ ਗੰਨੂ ਬਾਲਕਨੀ ਵਿੱਚ ਜਾ ਕੇ ਕਿਤਾਬ-ਕਾਪੀ ਖੋਲ੍ਹ ਲੈਂਦਾ। ਉਸ ਦੇ ਪੜ੍ਹਨ ਦੀ ਥਾਂ ਚਾਚੀ ਨੇ ਬਾਲਕਨੀ ਤੈਅ ਕਰ ਦਿੱਤੀ ਸੀ। ਉਸ ਨੇ ਮਨ ਵਿੱਚ ਧਾਰ ਲਈ ਕਿ ਅੱਗੇ ਤੋਂ ਉਹ ਉਸ ਦੇ ਮੋਬਾਈਲ ਵੱਲ ਜ਼ਰਾ ਵੀ ਅੱਖ ਚੁੱਕ ਕੇ ਨਹੀਂ ਦੇਖੇਗਾ। ਪੜ੍ਹਨ ਆਇਆ ਹੈ ਤਾਂ ਬਸ ਪੜ੍ਹਾਈ ਵਿੱਚ ਮਨ ਲਾਏਗਾ।

ਕਿਸੇ ਤਰ੍ਹਾਂ ਇੱਕ ਸਾਲ ਪੂਰਾ ਹੋ ਗਿਆ ਤੇ ਛੇਵੀਂ ਕਲਾਸ ਦੀ ਸਾਲਾਨਾ ਪ੍ਰੀਖਿਆ ਹੋ ਗਈ। ਨਤੀਜਾ ਨਿਕਲਿਆ ਤਾਂ ਗੰਨੂ ਸੱਠ ਬੱਚਿਆਂ ਵਿੱਚੋਂ ਸਭ ਤੋਂ ਅੱਵਲ। ਤਰੇਂਗਨ ਫੇਲ੍ਹ ਹੁੰਦੇ-ਹੁੰਦੇ ਬਚਿਆ।

ਰਾਮਸ਼ਰਨ ਨੇ ਗੰਨੂ ਦੀ ਪਿੱਠ ਥਪਥਪਾ ਕੇ ਗਲੇ ਨਾਲ ਲਾ ਲਿਆ, ''ਵਾਹ ਗੰਨੂ, ਤੂੰ ਕਮਾਲ ਕਰ ਦਿੱਤਾ ਬੇਟਾ। ਦੇਖ ਓ ਤਰੇਂਗਨਾ, ਪਿੰਡ ਤੋਂ ਆ ਕੇ ਇਸ ਨੇ ਸਾਰਿਆਂ ਨੂੰ ਪਿੱਛੇ ਛੱਡ ਦਿੱਤਾ। ਇੱਕ ਤੂੰ ਨਾਲਾਇਕ ਜਿਹਾ ਮੋਬਾਈਲ ਵਿੱਚ ਹੀ ਰੁੱਝਾ ਰਿਹਾ, ਫਾਲਤੂ ਦੀ ਗੇਮ ਖੇਡਦਾ ਰਹਿੰਦਾ ਏਂ। ਮਨ੍ਹਾ ਕਰਦੇ-ਕਰਦੇ ਅਸੀਂ ਥੱਕ ਗਏ ਕਿ ਇਸ ਉਮਰ ਵਿੱਚ ਮੋਬਾਈਲ ਨਾਲ ਚਿਪਕਣਾ ਬਰਬਾਦੀ ਦੀ ਨਿਸ਼ਾਨੀ ਹੈ, ਪਰ ਲਾਡ ਕਾਰਨ ਨਾ ਤੇਰੀ ਮਾਂ ਤੈਨੂੰ ਰੋਕਦੀ ਏ ਅਤੇ ਨਾ ਤੂੰ ਖੁਦ ਰੁਕਦਾ ਏਂ। ਚੱਖ ਲਿਆ ਮਜ਼ਾ। ਕੱਲ੍ਹ ਨੂੰ ਅੱਖਾਂ ਵੀ ਖਰਾਬ ਹੋਣਗੀਆਂ ਅਤੇ ਭਵਿੱਖ ਵੀ ਹਨੇਰਾ ਵਿੱਚ ਜਾਏਗਾ।''

ਗੰਨੂ ਦੀ ਪ੍ਰਸ਼ੰਸਾ ਅਤੇ ਆਪਣੀ ਖਿਚਾਈ ਕਾਰਨ ਅੰਦਰ ਹੀ ਅੰਦਰ ਤਰੇਂਗਨ ਖਿਝ ਕੇ ਰਹਿ ਗਿਆ। ਉਸ ਦੀ ਮਾਂ ਨਿਹੋਰਾ ਨੂੰ ਵੀ ਲੱਗਾ ਕਿ ਬੇਵਜ੍ਹਾ ਇਸ ਮੁੰਡੇ ਕਾਰਨ ਉਸ ਦੇ ਬੱਚੇ ਨੂੰ ਅੱਜ ਫਿਟਕਾਰ ਸੁਣਨੀ ਪਈ ਹੈ। ਦੋਵਾਂ ਨੇ ਗੰਨੂ ਪ੍ਰਤੀ ਆਪਣਾ ਗੁੱਸਾ ਹੋਰ ਵਧਾ ਲਿਆ।

ਗੰਨੂ ਨੂੰ ਆਪਣੇ ਮਾਂ-ਬਾਪ ਅਤੇ ਗੋਰੀ ਗਾਂ ਯਾਦ ਆਉਣ ਲੱਗੀ। ਉਹ ਕਿਵੇਂ ਦੱਸੇ ਉਨ੍ਹਾਂ ਨੂੰ ਉਹ ਕਲਾਸ ਵਿੱਚ ਫਸਟ ਆ ਗਿਆ ਹੈ। ਬਾਪੂ ਉਸ ਨੂੰ ਮੋਢੇ ਉੱਤੇ ਚੁੱਕ ਲੈਂਦੇ ਅਤੇ ਮਾਂ ਉਸ ਨੂੰ ਲਾਡ ਲਡਾਉਂਦੀ ਨਾ ਥੱਕਦੀ। ਮੰਦਰ-ਮੰਦਰ ਘੁੰਮ ਕੇ ਪ੍ਰਮਾਤਮਾ ਦੀ ਕ੍ਰਿਪਾ ਸਮਝ ਕੇ ਦਿਲ ਖੋਲ੍ਹ ਕੇ ਪ੍ਰਸਾਦ ਚੜ੍ਹਾਉਣ ਜਾਂਦੀ। ਗੋਰੀ ਵੀ ਉਸ ਦੀ ਖੁਸ਼ੀ ਨੂੰ ਦੇਖਦੇ ਹੋਏ ਆਪਣਾ ਸਿਰਾ ਹਿਲਾਉਣ ਲੱਗ ਜਾਂਦੀ। ਉਸ ਨੇ ਇਕਾਂਤ ਦੇਖਦੇ ਹੋਏ ਆਪਣੇ ਚਾਚੇ ਨੂੰ ਸਹਿਮਦੇ ਹੋਏ ਕਿਹਾ, ''ਚਾਚਾ ਜੀ, ਮੇਰਾ ਬਹੁਤ ਮਨ ਕਰਦਾ ਹੈ ਮਾਂ-ਬਾਪੂ ਅਤੇ ਗੋਰੀ ਗਾਂ ਨੂੰ ਮਿਲਣ ਦਾ?''

''ਠੀਕ ਹੈ, ਅਸੀਂ ਜਾਣ ਦੀ ਫੁਰਸਤ ਕੱਢਦੇ ਹਾਂ। ਜੇ ਨਾ ਜਾ ਸਕੇ ਤਾਂ ਤੇਰੀ ਮੋਬਾਈਲ ਉੱਤੇ ਗੱਲ ਕਰਵਾ ਦਿਆਂਗੇ ਭਰਾ-ਭਾਬੀ ਨਾਲ। ਮੈਂ ਸਮਝਦਾ ਹਾਂ ਗੰਨੂ ਬੇਟਾ ਕਿ ਤੇਰੀ ਖੁਸ਼ੀ ਵਿੱਚ ਉਨ੍ਹਾਂ ਨੂੰ ਵੀ ਹਿੱਸੇਦਾਰ ਹੋਣ ਦਾ ਹੱਕ ਹੈ।''

''ਤੁਸੀਂ ਗੱਲ ਕਿਵੇਂ ਕਰਵਾਓਗੇ, ਉਨ੍ਹਾਂ ਦੇਕੋਲ ਤਾਂ ਮੋਬਾਈਲ ਹੈ ਹੀ ਨਹੀਂ। ਪਿੰਡ ਨਾ ਬਿਜਲੀ ਹੈ, ਨਾ ਮੋਬਾਈਲ ਦਾ ਟਾਵਰ ਹੈ।''

''ਅਖਬਾਰ ਵਿੱਚ ਅਸੀਂ ਪੜ੍ਹਿਆ ਹੈ ਕਿ ਸਰਕਾਰ ਨਵਾਦਾ ਦੇ ਪਿੰਡ-ਪਿੰਡ ਵਿੱਚ ਬਿਜਲੀ ਪਹੁੰਚਾ ਰਹੀ ਹੈ। ਟਾਵਰ ਵੀ ਉਥੇ ਲੱਗ ਚੁੱਕਾ ਹੈ। ਤੇਰੇ ਬਾਪੂ ਨੂੰ ਮੈਂ ਇੱਕ ਮੋਬਾਈਲ ਭਿਜਵਾ ਦਿਆਂਗਾ ਤਾਂ ਕਿ ਉਹ ਤੇਰੇ ਨਾਲ ਗੱਲ ਕਰ ਸਕਣ। ਅਜੇ ਮੈਂ ਇੱਕ ਟਰੇਨਿੰਗ ਦੇ ਲਈ ਕੋਲਕਾਤਾ ਜਾ ਰਿਹਾ ਹਾਂ। ਕੰਪਨੀ ਭੇਜ ਰਹੀ ਹੈ। ਤਿੰਨ-ਦਿਨ ਬਾਅਦ ਮੁੜਾਂਗਾ।''

ਰਾਮਸ਼ਰਨ ਦੇ ਜਾਂਦੇ ਹੀ ਘਰ ਵਿੱਚ ਇੱਕ ਨਵਾਂ ਹੰਗਾਮਾ ਸ਼ੁਰੂ ਹੋ ਗਿਆ। ਤਰੇਂਗਨ ਦਾ ਮੋਬਾਈਲ ਕਿਤੇ ਗਾਇਬ ਹੋ ਗਿਆ। ਘਰ ਦੇ ਚੱਪੇ-ਚੱਪੇ ਨੂੰ ਦੇਖ ਲਿਆ ਗਿਆ। ਜਦ ਕਿਤੇ ਨਹੀਂ ਮਿਲਿਆ ਤਾਂ ਉਂਗਲ ਗੰਨੂ ਵੱਲ ਉਠ ਗਈ। ਤਰੇਂਗਨ ਨੇ ਕਿਹਾ, ''ਮੰਮੀ, ਇਸ ਦੀ ਨਜ਼ਰ ਮੇਰੇ ਮੋਬਾਈਲ ਉੱਤੇ ਲੱਗੀ ਸੀ। ਲਾਲਚਾ-ਲਲਚਾ ਕੇ ਦੇਖਦਾ ਰਹਿੰਦਾ ਸੀ। ਮੈਂ ਉਸ ਨੂੰ ਹੱਥ ਨਹੀਂ ਲਾਉਣ ਦਿੱਤਾ ਤਾਂ ਬਦਲਾ ਲੈਣ ਲਈ ਇਸ ਨੇ ਉਸ ਨੂੰ ਚੁੱਕ ਕੇ ਕਿਤੇ ਸੁੱਟ ਦਿੱਤਾ।''

ਇਸ ਤੋਹਮਤ ਉੱਤੇ ਗੰਨੂ ਦੀ ਆਤਮ ਤੱਕ ਕੰਬ ਗਈ। ਨਿਹੋਰਾ ਦੇਵੀ ਨੇ ਗੁੱਸੇ ਭਰੀਆਂ ਨਜ਼ਰਾਂ ਨਾਲ ਦੇਖਦੇ ਹੋਏ ਕਿਹਾ, ''ਭਲਾ ਚਾਹੁੰਨੈ ਏਂ ਤਾਂ ਸਹੀ-ਸਹੀ ਦੱਸ ਦੇ, ਨਹੀਂ ਤਾਂ ਅਸੀਂ ਤੇਰਾ ਉਹ ਹਾਲ ਕਰਾਂਗੇ ਕਿ ਤੂੰ ਯਾਦ ਰੱਖੇਂਗਾ। ਫਸਟ ਆਉਣ ਕਾਰਨ ਤੈਨੂੰ ਘੁਮੰਡ ਹੋ ਗਿਐ ਤੈਨੂੰ?''

ਗੰਨੂ ਨੇ ਕੰਬਦੇ ਹੋਏ ਕਿਹਾ, ''ਯਕੀਨ ਕਰੋ ਚਾਚੀ, ਮਾਂ ਦੀ ਸਹੁੰ ਕਾ ਕੇ ਕਹਿੰਦਾਂ, ਮੋਬਾਈਲ ਦੇ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ।''

ਤਰੇਂਗਨ ਨੇ ਉਸ ਦੇ ਢਿੱਡ ਵਿੱਚ ਦੋ-ਤਿੰਨ ਘਸੁੰਨ ਮਾਰ ਦਿੱਤੇ। ਮੋਬਾਈਲ ਦੇ ਬਹਾਨੇ ਜਿਵੇਂ ਉਹ ਉਸ ਦੇ ਫਸਟ ਹੋਣ ਕਾਰਨ ਪੈਦਾ ਹੋਈ ਨਫਰਤ ਤੇ ਪਿਤਾ ਦੀਆਂ ਝਿੜਕਾਂ ਦੀ ਕਸਰ ਕੱਢ ਲੈਣਾ ਚਾਹੁੰਦਾ ਸੀ। ਗੰਨੂ ਤੜਫ ਕੇ ਰਹਿ ਗਿਆ। ਚਾਹੁੰਦਾ ਤਾਂ ਉਹ ਉਸ ਨੂੰ ਚੁੱਕ ਕੇ ਪਟਕ ਦਿੰਦਾ, ਪਰ ਇਹ ਉਸ ਦਾ ਘਰ ਸੀ ਅਤੇ ਸਾਹਮਣੇ ਉਸ ਦੇ ਪੱਖ ਵਿੱਚ ਉਸ ਦੀ ਮਾਂ ਸੀ, ਜਿਸ ਕਾਰਨ ਉਹ ਗਿੱਦੜ ਵਾਂਗ ਹੁੰਦੇ ਹੋਏ ਵੀ ਸ਼ੇਰ ਬਣ ਗਿਆ ਸੀ।

ਉਸ ਦੇ ਲਗਾਤਾਰ ਨਾ ਨਾ ਕਰਨ ਉੱਤੇ ਚਾਚੀ ਨੇ ਉਸ ਨੂੰ ਇੱਕ ਥੱਪੜ ਮਾਰ ਦਿੱਤਾ ਤੇ ਸਟੋਰ ਰੂਮ ਵਿੱਚ ਬੰਦ ਕਰ ਦਿੱਤਾ ਅਤੇ ਕਹਿ ਦਿੱਤਾ ਕਿ ''ਜਦ ਤੱਕ ਦੱਸੇਂਗਾ ਨਹੀਂ, ਭੁੱਖਾ-ਪਿਆਸਾ ਬੰਦ ਰਹੇਂਗਾ।''

ਗੰਨੂ ਭੁੱਖਾ ਪਿਆਸਾ ਕਮਰੇ ਵਿੱਚ ਬੁੰਦਾ ਰੋਂਦਾ-ਕਲਪਦਾ ਰਿਹਾ। ਇੱਕ ਵਾਰ ਫਿਰ ਉਹ ਆਪਣੀ ਮਾਂ ਬਾਪੂ ਤੇ ਗੋਰੀ ਗਾਂ ਨੂੰ ਯਾਦ ਕਰ ਕੇ ਸਹਿਣ ਦੀ ਤਾਕਤ ਇਕੱਠੀ ਕਰਦਾ ਰਿਹਾ। ਮਾਂ ਪੁੱਤ ਦੇ ਜ਼ੁਲਮ ਨੇ ਦੱਸ ਦਿੱਤਾ ਕਿ ਜਦ ਤੱਕ ਚਾਚਾ ਨਹੀਂ ਆਉਣਗੇ, ਇਸ ਨਰਕ ਵਿੱਚੋਂ ਉਸ ਦੀ ਰਿਹਾਈ ਨਹੀਂ ਹੋਵੇਗੀ। ਸੰਯੋਗ ਚੰਗਾ ਸੀ, ਰਾਮਸ਼ਰਨ ਇੱਕ ਦਿਨ ਪਹਿਲਾਂ ਆ ਗਏ ਤੇ ਮਾਸੂਮ ਗੰਨੂ ਉੱਤੇ ਕੀਤੇ ਜਾ ਰਹੇ ਅਤਿਆਚਾਰ ਨੂੰ ਆਪਣੀਆਂ ਅੱਖਾਂ ਨਾਲ ਦੇਖ ਲਿਆ। ਉਸ ਨੂੰ ਕਮਰੇ ਵਿੱਚੋਂ ਕੱਢਦੇ ਹੋਏ ਜਦ ਸਾਰੀ ਗੱਲ ਤੋਂ ਜਾਣੂ ਹੋਏ ਤਾਂ ਬੁਰੀ ਤਰ੍ਹਾਂ ਬਰਸ ਪਏ ਨਿਹੋਰਾ ਅਤੇ ਤਰੇਂਗਨ ਉੱਤੇ।

ਉਨ੍ਹਾਂ ਨੇ ਕਿਹਾ, ''ਮੋਬਾਈਲ ਤਾਂ ਮੈਂ ਲੈ ਗਿਆ ਸੀ ਤਾਂ ਕਿ ਇਸ ਚਿਪਕੂ ਲੜਕੇ ਦੀ ਆਦਤ ਛੁਡਾ ਸਕਾਂ। ਇਸ ਦੇ ਹੱਥ ਵਿੱਚ ਅੱਗੇ ਤੋਂ ਮੋਬਾਈਲ ਕਦੇ ਨਹੀਂ ਆਏਗਾ।''

ਆਪਣੇ ਬੈਗ ਵਿੱਚੋਂ ਮੋਬਾਈਲ ਕੱਢਦੇ ਹੋਏ ਇੱਕ ਨੰਬਰ ਡਾਇਲ ਕੀਤਾ ਅਤੇ ਗੰਨੂ ਵੱਲ ਵਧਾਉਂਦੇ ਹੋਏ ਕਿਹਾ, ''ਲੈ ਗੰਨੂ, ਆਪਣੇ ਬਾਪੂ ਨਾਲ ਗੱਲ ਕਰ। ਨਵਾਦਾ ਤੋਂ ਇੱਕ ਆਦਮੀ ਟਰੇ-ਨਿੰਗ ਵਿੱਚ ਆਇਆ ਹੋਇਆ ਸੀ। ਉਸ ਦੇ ਹੱਥ ਮੈਂ ਵੀਰ ਜੀ ਦੇ ਲਈ ਇੱਕ ਮੋਬਾਈਲ ਸੈੱਟ ਭਿਜਵਾ ਦਿੱਤਾ ਹੈ। ਉਨ੍ਹਾਂ ਨੂੰ ਮਿਲ ਵੀ ਚੁੱਕਾ ਹੋਵੇਗਾ।''

ਗੰਨੂ ਉਸ ਕਾਤਲ ਮੋਬਾਈਲ ਨੂੰ ਛੂਹਣਾ ਨਹੀਂ ਚਾਹੁੰਦਾ ਸੀ, ਪਰ ਚਾਚਾ ਦਾ ਹੁਕਮ ਸੀ ਅਤੇ ਨਾਲ ਬਾਪੂ ਨਾਲ ਗੱਲ ਕਰਨ ਦੀ ਤਲਬ ਵੀ। ਓਧਰੋਂ ਜਦ ਉਸ ਦੇ ਬਾਪੂ ਰਾਮਚਰਨ ਨੇ ਮਿੱਠੀ ਆਵਾਜ ਵਿੱਚ ਉਸ ਨੂੰ 'ਸੋਨਾ' ਕਿਹਾ ਤਾਂ ਆਵਾਜ਼ ਸੁਣ ਕੇ ਗੰਨ ੂ ਦੀਆਂ ਅੱਖਾਂ ਭਰ ਆਈਆਂ। ਖੁਦ ਉੱਤੇ ਕਾਬੂ ਕਰਦੇ ਹੋਏ ਕਿਹਾ, ''ਮੈਂ ਇੱਥੇ ਠੀਕ ਹਾਂ ਬਾਪੂ, ਤੁਸੀਂ, ਮਾਂ ਅਤੇ ਗੋਰੀ ਕਿਵੇਂ ਹੋ?'' ਕਹਿੰਦੇ ਹੋਏ ਗੰਨੂ ਦੀ ਆਵਾਜ਼ ਭਾਰੀ ਹੋ ਗਈ।

ਬਾਪੂ ਨੇ ਕਿਹਾ, ''ਤੂੰ ਰੋ ਰਿਹਾ ਏਂ ਗੰਨੂ?''

''ਬਾਪੂ, ਮੈਂ ਵੱਡਾ ਹੋ ਗਿਆ ਹਾਂ, ਸ਼ਹਿਰ ਨੇ ਮੈਨੂੰ ਹੁਸ਼ਿਆਰ ਬਣਾ ਦਿੱਤਾ ਹੈ। ਮੰਜੌਰ ਵਿੱਚ ਜਾ ਸਕਦਾਂ ਪੜ੍ਹਨ ਲਈ। ਸਕੂਲ ਭਾਵੇਂ ਜਿਹੋ ਜਿਹਾ ਮਰਜ਼ੀ ਹੋਵੇ, ਮੈਂ ਉਥੇ ਚੰਗਾ ਪੜ੍ਹ ਲਵਾਂਗਾ। ਤੁਹਾਡਾ, ਮਾਂ ਦਾ ਅਤੇ ਗੋਰੀ ਦਾ ਵਿਛੋੜਾ ਮੇਰੇ ਤੋਂ ਜ਼ਰਿਆ ਨਹੀਂ ਜਾਂਦਾ।''

ਓਧਰੋਂ ਬਾਪੂ ਨੇ ਕਿਹਾ, ''ਮੈਂ ਸਮਝ ਗਿਆ ਪੁੱਤ। ਕੱਲ੍ਹ ਹੀ ਮੈਂ ਗੱਡੀ ਫੜ ਕੇ ਆ ਰਿਹਾ ਹਾਂ ਤੈਨੂੰ ਲੈਣ ਲਈ।''

ਰਾਮਸ਼ਰਨ, ਨਿਹੋਰਾ ਦੇਵੀ ਅਤੇ ਤਰੇਂਗਨ ਗੁਨਾਹਗਾਰ ਦੀ ਤਰ੍ਹਾਂ ਅਵਾਕ ਦੇਖਦੇ ਰਹਿ ਗਏ ਉਸ ਨੂੰ।

## ਮਾਪੇ ਕਹਿੰਦੇ: ਜਦੋਂ ਤੁਸੀਂ ਆਪ ਮਾਪੇ ਬਣੋਗੇ ਤਾਂ...

-ਗੋਵਰਧਨ ਗੱਬੀ

ਜਦੋਂ ਅਸੀਂ ਜਵਾਨ ਹੋਣਾ ਸ਼ੁਰੂ ਹੁੰਦੇ ਹਾਂ ਤਾਂ ਅਕਸਰ ਸਭ ਤੋਂ ਪਹਿਲਾਂ ਆਪਣੇ ਮਾਪਿਆਂ ਨਾਲ ਉਲਝਦੇ, ਲੜਦੇ, ਝਗੜਦੇ, ਰੁੱਸਦੇ ਤੇ ਨਾਰਾਜ਼ ਹੁੰਦੇ ਹਾਂ। ਸਦੀਆਂ ਤੋਂ ਹਰ ਨਵੀਂ ਪੀੜ੍ਹੀ ਆਪਣੇ ਮਾਪਿਆਂ ਨੂੰ ਆਪਣੇ ਤੋਂ ਘੱਟ ਸਮਝਦੀ ਆ ਰਹੀ ਹੈ। ਫਿਰ ਐਸਾ ਸਮਾਂ ਆਉਂਦਾ ਹੈ ਕਿ ਅਸੀਂ ਮਾਪਿਆਂ ਨੂੰ ਹੱਦ ਤੋਂ ਵੱਧ ਸਤਾਉਣਾ ਸ਼ੁਰੂ ਕਰ ਦਿੰਦੇ ਹਾਂ ਤੇ ਸਾਨੂੰ ਉਨ੍ਹਾਂ ਦੇ ਮੂੰਹ ਤੋਂ ਅਕਸਰ ਇਹ ਬੋਲ ਸੁਣਨ ਨੂੰ ਮਿਲਦੇ ਹਨ, 'ਤੁਹਾਨੂੰ ਤਦ ਸਮਝ ਆਵੇਗੀ, ਜਦੋਂ ਤੁਸੀਂ ਆਪ ਮਾਪੇ ਬਣੋਗੇ।' ਇਹ ਬੋਲ ਮੈਂ ਵੀ ਆਪਣੇ ਮਾਪਿਆਂ ਤੋਂ ਕਈ ਵਾਰ ਸੁਣੇ ਸਨ। ਅੱਜ ਇਹੀ ਬੋਲ ਕਈ ਵਾਰ ਮੈਂ ਆਪਣੇ ਬੱਚਿਆਂ ਨੂੰ ਬੋਲ ਦੇਂਦਾ ਹਾਂ। ਮੈਨੂੰ ਪੂਰੀ ਆਸ ਹੀ ਨਹੀਂ, ਸਗੋਂ ਪੂਰਾ ਯਕੀਨ ਹੈ ਕਿ ਕੱਲ੍ਹ ਨੂੰ ਸਾਡੇ ਬੱਚੇ ਆਪਣੇ ਬੱਚਿਆਂ ਨਾਲ ਵੀ ਇਹੀ ਬੋਲ ਦੁਹਰਾਉਣਗੇ। ਇਹ ਸਿਲਸਿਲਾ ਮਨੁੱਖਤਾ ਦੀ ਹੋਂਦ ਤੋਂ ਚਲਿਆ ਰਿਹਾ ਹੈ ਅਤੇ ਨਿਰੰਤਰ ਜਾਰੀ ਰਹੇਗਾ।

ਜਦੋਂ ਅਸੀਂ ਹੋਸ਼ ਸੰਭਾਲਦੇ ਹਾਂ, ਭਾਵ ਚਾਰ-ਪੰਜ ਸਾਲ ਦੀ ਉਮਰ ਦੇ ਹੁੰਦੇ ਹਾਂ ਤਾਂ ਸਾਨੂੰ ਲੱਗਦਾ ਹੈ ਕਿ ਸਾਡੇ ਮਾਪੇ ਦੁਨੀਆ ਦੇ ਸਾਰੇ ਮਾਪਿਆਂ ਤੋਂ ਬਹੁਤ ਜ਼ਿਆਦਾ ਮਹਾਨ ਹਨ। ਛੇ ਸੱਤ ਸਾਲ ਦੀ ਉਮਰ ਵਿੱਚ ਸਾਨੂੰ ਲੱਗਦਾ ਹੈ ਕਿ ਸਾਡੇ ਮਾਪੇ ਹੋਰ ਬੱਚਿਆਂ ਦੇ ਮਾਪਿਆਂ ਤੋਂ ਵੱਧ ਹੁਸ਼ਿਆਰ ਹਨ, ਆਧੁਨਿਕ ਹਨ ਤੇ ਦੋ ਕਦਮ ਅੱਗੇ ਹਨ। ਦਸ ਗਿਆਰਾਂ ਸਾਲ ਦੀ ਉਮਰ ਤੱਕ ਪਹੁੰਚਦੇ ਹੋਏ ਸਾਨੂੰ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਸਾਡੇ ਮਾਪੇ ਹਨ ਤਾਂ ਅੱਛੇ, ਪਰ ਗੁੱਸੇ ਬੜੀ ਜਲਦੀ ਹੋ ਜਾਂਦੇ ਹਨ, ਖਾਸ ਕਰ ਕੇ ਪਿਤਾ ਹੁਰੀਂ। ਬਾਰਾਂ ਤੇਰਾਂ ਸਾਲ ਦੀ ਉਮਰ ਤੱਕ ਪਹੁੰਚਦਿਆਂ ਅਸੀਂ ਅਕਸਰ ਇਹ ਕਹਿਣਾ ਸ਼ੁਰੂ ਕਰ ਦਿੰਦੇ ਹਾਂ, ''ਜਦੋਂ ਅਸੀਂ ਛੋਟੇ ਹੁੰਦੇ ਸੀ ਤਾਂ ਸਾਡੇ ਮਾਪੇ ਸਾਡੇ ਨਾਲ ਬਹੁਤ ਚੰਗਾ ਵਿਹਾਰ ਕਰਦੇ ਸਨ, ਪਰ ਅੱਜ ਕੱਲ੍ਹ ਉਹ ਰੋਕ-ਟੋਕ ਕੁਝ ਜ਼ਿਆਦਾ ਹੀ ਕਰਦੇ ਹਨ...।''

ਸੋਲਾਂ-ਸਤਾਰਾਂ ਸਾਲਾਂ ਦੀ ਉਮਰ ਤੱਕ ਪਹੁੰਚਦਿਆਂ ਸਾਡੇ ਆਪਣੇ ਮਾਪਿਆਂ ਪ੍ਰਤੀ ਵਿਚਾਰ ਅਚਾਨਕ ਬਦਲਣੇ ਸ਼ੁਰੂ ਹੋ ਜਾਂਦੇ ਹਨ। ਮਸਲਨ 'ਸਾਡੇ ਮਾਪੇ ਆਧੁਨਿਕ ਸਮੇਂ ਨਾਲ ਨਹੀਂ ਚੱਲਦੇ, ਉਹ ਅਜੇ ਵੀ ਗੁਜ਼ਰੇ ਜ਼ਮਾਨੇ ਦੀਆਂ ਯਾਦਾਂ ਨਾਲ ਚਿੰਬੜੇ ਹੋਏ ਹਨ। ਉਨ੍ਹਾਂ ਨੂੰ ਅੱਜ ਬਾਰੇ ਕੋਈ ਗਿਆਨ ਹੀ ਨਹੀਂ। ਉਹ ਨਹੀਂ ਜਾਣਦੇ ਕਿ ਅੱਜ ਦੁਨੀਆ ਕਿੱਥੇ ਪਹੁੰਚ ਗਈ ਹੈ।' 18-19 ਸਾਲ ਦੀ ਉਮਰ ਆਉਣ ਤੱਕ ਮਾਪਿਆਂ ਪ੍ਰਤੀ ਸਾਡੇ ਵਿਚਾਰ ਕੁਝ ਹੋਰ ਉਗਰ ਹੋ ਜਾਂਦੇ ਹਨ, ਜਿਵੇਂ ਸਾਡੇ ਮਾਪਿਆਂ ਦਾ, ਖਾਸ ਕਰ ਕੇ ਪਿਤਾ ਜੀ ਦਾ ਸੁਭਾਅ ਕੁਝ ਜ਼ਿਆਦਾ ਚਿੜਚਿੜਾ ਹੋ ਗਿਆ ਹੈ। ਸਾਡੇ ਨਾਲ ਬੜਾ ਮਾੜਾ ਵਿਹਾਰ ਕਰਦੇ ਹਨ। ਗੱਲ-ਗੱਲ ਉੱਤੇ ਉਪਦੇਸ਼ ਦੇਣਾ ਸ਼ੁਰੂ ਕਰ ਦਿੰਦੇ ਹਨ। ਟੋਕਾ-ਟਾਕੀ ਕੀਤੇ ਬਿਨਾਂ ਉਨ੍ਹਾਂ ਨੂੰ ਨਾ ਚੈਨ ਆਉਂਦਾ ਹੈ ਅਤੇ ਨਾ ਨੀਂਦ। ਜਦੋਂ ਅਸੀਂ ਵੀਹ-ਇੱਕੀ ਸਾਲ ਦੀ ਉਮਰ ਵਿੱਚ ਪੁੱਜਦੇ ਹਾਂ ਤਾਂ ਸਾਡੇ ਮੂੰਹੋਂ ਇਹ ਸ਼ਬਦ ਵਾਰ-ਵਾਰ ਨਿਕਲਦੇ ਹਨ, 'ਅੱਜਕੱਲ੍ਹ ਮਾਪਿਆਂ, ਖਾਸ ਕਰ ਕੇ ਪਿਤਾ ਜੀ ਨਾਲ ਰਹਿਣਾ ਬਹੁਤ ਮੁਸ਼ਕਲ ਹੋ ਗਿਆ ਹੈ। ਮਾਂ ਘੱਟ ਕਰਦੀ ਹੈ, ਪਰ ਪਿਤਾ ਜੀ ਸਾਡੀ ਨਿੱਜੀ ਜ਼ਿੰਦਗੀ ਵਿੱਚ ਬਹੁਤ ਦਖਲ ਦੇਂਦੇ ਹਨ। ਬਰਦਾਸ਼ਤ ਨਹੀਂ ਹੁੰਦਾ। ਪਿਤਾ ਜੀ ਦਾ ਵਤੀਰਾ ਕੁਝ ਜ਼ਿਆਦਾ ਹੀ ਵਿਗੜ ਗਿਆ ਹੈ। ਗੱਲ-ਗੱਲ ਉੱਤੇ ਸਾਡੇ ਨਾਲ ਲਾਲ-ਪੀਲੇ ਹੁੰਦੇ ਰਹਿੰਦੇ ਹਨ। ਸਾਨੂੰ ਇਹ ਸਮਝ ਨਹੀਂ ਆਉਂਦੀ ਕਿ ਸਾਡੀ ਮਾਂ ਇਸ ਤਰ੍ਹਾਂ ਦੇ ਬੰਦੇ ਨਾਲ ਇੰਨੇ ਚਿਰ ਤੋਂ ਰਹਿ ਕਿਵੇਂ ਰਹੀ ਹੈ?'

'ਯਾਰ ਹੱਦ ਹੋ ਗਈ ਹੈ, ਸਾਡੇ ਮਾਪੇ ਖਾਸ ਕਰ ਕੇ ਪਿਤਾ ਜੀ ਸਾਡੀ ਹਰ ਗੱਲ ਦਾ ਵਿਰੋਧ ਕਰਦੇ ਹਨ। ਗੱਲ-ਗੱਲ ਉੱਤੇ ਟੋਕਾ-ਟਾਕੀ ਕਰਦੇ ਹਨ, ਪਰ ਨਹੀਂ ਕਦੋਂ ਸਮਝਣਗੇ ਕਿ ਸਾਡੀ ਵੀ ਕੋਈ ਨਿੱਜਤਾ ਹੁੰਦਾ ਹੈ।' ਪੱਚੀ-ਛੱਬੀ ਸਾਲ ਦੀ ਉਮਰ ਤੱਕ ਮਾਪਿਆਂ ਬਾਰੇ ਇਹ ਬੋਲ ਅਸੀਂ ਅਕਸਰ ਆਪਣੇ ਦੋਸਤਾਂ ਨਾਲ ਸਾਂਝੇ ਕਰਦੇ ਰਹਿੰਦੇ ਹਾਂ। ਫਿਰ ਸਮਾਂ ਕਰਵਟ ਬਦਲਦਾ ਹੈ। ਸਾਡਾ ਕਿਰਦਾਰ ਬਦਲਦਾ ਹੈ। ਅਸੀਂ ਮਾਪੇ ਬਣ ਜਾਂਦੇ ਹਾਂ। ਪੈਂਤੀ-ਚਾਲੀ ਸਾਲ ਦੀ ਉਮਰ ਵਿੱਚ ਗੁਜ਼ਰ ਰਹੇ ਹੁੰਦੇ ਹਾਂ ਤਾਂ ਅਕਸਰ ਇਹ ਕਹਿੰਦੇ ਹਾਂ, 'ਯਾਰ ਮੇਰਾ ਛੋਟਾ ਬੇਟਾ ਤਾਂ ਮੇਰੇ ਤੋਂ ਡਰਦਾ ਹੀ ਨਹੀਂ। ਬਚਪਨ ਵਿੱਚ ਮੈਂ ਆਪਣੇ ਪਿਤਾ ਜੀ ਤੋਂ ਕਿੰਨਾ ਡਰਦਾ ਹੁੰਦਾ ਸੀ। ਅੱਜਕੱਲ੍ਹ ਦੇ ਬੱਚੇ ਡਰਦੇ ਨਹੀਂ, ਸਗੋਂ ਸਾਨੂੰ ਡਰਾਉਂਦੇ ਨੇ।' ਯਾਰ ਸਾਡੇ ਮਾਪਿਆਂ ਨੇ ਸਾਨੂੰ ਕਿੰਨੇ ਅਨੁਸ਼ਾਸਨ ਨਾਲ ਪਾਲਿਆ ਸੀ। ਅੱਜ ਵਾਲਿਆਂ ਕੋਲ ਅਨੁਸ਼ਾਸਨ ਨਾਂਅ ਦੀ ਕੋਈ ਸ਼ੈਅ ਨਹੀਂ। ਥੋੜ੍ਹਾ ਜਿਹਾ ਝਿੜਕੋ ਤਾਂ ਸਾਨੂੰ ਡਰ ਲੱਗਣਾ ਸ਼ੁਰੂ ਹੋ ਜਾਂਦਾ ਹੈ ਕਿ ਕਿਤੇ ਕੋਈ ਹੋਰ ਚੰਨ ਨਾ ਚੜ੍ਹਾ ਦੇਣ।''

ਚਾਲੀ-ਪੰਜਤਾਲੀ ਸਾਲ ਦੀ ਉਮਰ ਤੱਕ ਪਹੁੰਚਦੇ ਹਾਂ ਤਾਂ ਇਹ ਬੋਲ ਸਾਡੇ ਮੂੰਹੋਂ ਆਪ ਮੁਹਾਰੇ ਨਿਕਲਦੇ ਹਨ; 'ਯਾਰ ਸਾਡੇ ਮਾਪਿਆਂ ਨੇ ਕਿੰਨੀਆਂ ਮੁਸ਼ਕਲਾਂ ਝੱਲੀਆਂ, ਮਿਹਨਤ ਕੀਤੀ ਤੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਪਾਲਿਆ-ਪੋਸਿਆ, ਪੜ੍ਹਾਇਆ-ਲਿਖਾਇਆ, ਵੱਡਾ ਕੀਤਾ ਤੇ ਆਪਣੇ ਪੈਰਾਂ ਉੱਤੇ ਖੜ੍ਹੇ ਕੀਤਾ। ਸਾਡੇ ਤੋਂ ਤਾਂ ਇਹ ਦੋ ਹੀ ਨਹੀਂ ਸੰਭਾਲੇ ਜਾ ਰਹੇ। ਇਨ੍ਹਾਂ ਦੋਵਾਂ ਨੇ ਸਾਡੇ ਨੱਕ 'ਚ ਦਮ ਕੀਤਾ ਹੋਇਆ ਹੈ।'' ਪੰਜਾਹ ਸਾਲ ਤੱਕ ਪਹੁੰਚਦਿਆਂ ਅਸੀਂ ਇਹ ਰੋਣੇ-ਰੋਣਾ ਸ਼ੁਰੂ ਕਰ ਦਿੰਦੇ ਹਾਂ। ਜਦੋਂ ਪਚਵੰਜਾ ਦੇ ਨੇੜੇ-ਤੇੜੇ ਪੁੱਜਦੇ ਹਾਂ ਤਾਂ ਅਚਾਨਕ ਸਾਨੂੰ ਆਪਣੇ ਮਾਪੇ ਬਹੁਤ ਸਿਆਣੇ ਅਤੇ ਸਮਝਦਾਰ ਲੱਗਣ ਲੱਗ ਜਾਂਦੇ ਹਨ। ਸਾਨੂੰ ਉਸ ਅਰਸੇ ਦੌਰਾਨ ਕੀਤੀਆਂ ਆਪਣੀਆਂ ਬੇਵਕੂਫੀਆਂ ਤੇ ਘਟੀਆ ਹਰਕਤਾਂ 'ਤੇ ਰੋਣਾ ਵੀ ਆਉਂਦਾ ਹੈ ਤੇ ਹਾਸਾ ਵੀ। ਅਸੀਂ ਕਹਿਣ ਲੱਗਦੇ ਹਾਂ, ''ਯਾਰ, ਕਿੰਨੀ ਦੂਰ-ਦ੍ਰਿਸ਼ਟੀ ਰੱਖਦੇ ਸਨ ਸਾਡੇ ਮਾਪੇ। ਉਨ੍ਹਾਂ ਸਾਡੇ ਸਾਰਿਆਂ ਭੈਣ-ਭਰਾਵਾਂ ਦੇ ਭਲੇ ਲਈ ਕਿੰਨਾ ਕੁਝ ਕੁਰਬਾਨ ਕੀਤਾ। ਉਨ੍ਹਾਂ ਨੇ ਆਪਣੇ ਬੁਢਾਪੇ ਲਈ ਵੀ ਕਿੰਨਾ ਕੁਝ ਬਚਾ ਕੇ ਰੱਖਿਆ ਸੀ। ਅੱਜ ਉਹ ਬੁਢਾਪੇ ਵਿੱਚ ਵੀ ਵਧੀਆ ਜ਼ਿੰਦਗੀ ਗੁਜ਼ਾਰ ਰਹੇ ਹਨ। ਇੱਕ ਅਸੀਂ ਹਾਂ ਕਿ ਸਾਰਾ ਕੁਝ ਲੁਟਾ ਚੁੱਕੇ ਹਾਂ। ਬੱਚੇ ਫਿਰ ਵੀ ਅੱਖਾਂ ਕੱਢਦੇ ਅਤੇ ਨਜ਼ਰ ਫੇਰਦੇ ਪਏ ਹਨ। ਜਦੋਂ ਮਾਪੇ ਦੁਨੀਆ ਤੋਂ ਰੁਖ਼ਸਤ ਹੋ ਜਾਂਦੇ ਹਨ ਤਾਂ ਫਿਰ ਸਾਨੂੰ ਸਮਝ ਆਉਂਦੀ ਹੈ ਕਿ ਉਹ ਸੱਚਮੁੱਚ ਬਹੁਤ ਮਹਾਨ ਸਨ। ਉਨ੍ਹਾਂ ਨੇ ਸਾਡੀ ਖਾਤਰ ਕੀ ਨਹੀਂ ਕੀਤਾ। ਸਾਡੀ ਵਧੀਆ ਜ਼ਿੰਦਗੀ, ਪੜ੍ਹਾਈ ਤੇ ਸੁਨਹਿਰੇ ਭਵਿੱਖ ਲਈ ਕਰਜ਼ੇ ਲਏ। ਘਰ ਤੇ ਗਹਿਣੇ ਗਿਰਵੀ ਰੱਖੇ। ਸਾਡੇ ਸਾਰੇ ਭੈਣ-ਭਰਾਵਾਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਲਈ ਆਪਣਾ ਈ ਪੀ ਐਫ ਤੱਕ ਖਰਚ ਕਰ ਦਿੱਤਾ, ਪਰ ਅਫਸੋਸ! ਮਾਪਿਆਂ ਨੂੰ ਸਮਝਣ ਵਾਸਤੇ ਸਾਨੂੰ ਬਹੁਤ ਲੰਬਾ ਸਮਾਂ ਲੱਗ ਜਾਂਦਾ ਹੈ। ਜਦੋਂ ਸਮਝ ਆਉਂਦੀ ਹੈ, ਉਦੋਂ ਤੱਕ ਸਮਾਂ ਹੱਥੋਂ ਰੇਤ ਵਾਂਗ ਕਿਰ ਚੁੱਕਾ ਹੁੰਦਾ ਹੈ।'' ਦੋਸਤੋ! ਇਹੀ ਕੁਝ ਕਹਿ ਸਕਦੇ ਹਾਂ ਕਿ ਜੇ ਹੋ ਸਕੇ ਤਾਂ ਇਸ ਸਦੀਆਂ ਤੋਂ ਚੱਲੀ ਹੋਈ ਰੀਤ ਨੂੰ ਬਦਲੋ। ਆਮੀਨ!

## ਮਾਤਾ ਦੀਆਂ ਵਾਲੀਆਂ

-ਮਨਿੰਦਰ ਭਾਟੀਆ

ਇਹ 1967 ਦੀ ਗੱਲ ਹੈ। ਉਦੋਂ ਅਸੀਂ ਖੰਨੇ ਰਹਿੰਦੇ ਸੀ ਤੇ ਮੈਂ ਚੌਥੀ ਜਮਾਤ ਵਿੱਚ ਤਲਾਅ ਵਾਲੇ ਸਰਕਾਰੀ ਸਕੂਲ ਵਿੱਚ ਪੜ੍ਹਦਾ ਸੀ। ਇੱਕ ਦਿਨ ਸ਼ਾਮ ਵੇਲੇ ਮਾਤਾ ਨੇ ਸਾਨੂੰ ਚਾਰੇ ਭੈਣ ਭਰਾਵਾਂ ਨੂੰ ਪਕੌੜੇ ਬਣਾ ਕੇ ਖੁਆਏ। ਬਾਕੀ ਭੈਣ ਭਰਾ ਤਾਂ ਖਾ ਕੇ ਚਲੇ ਗਏ ਤੇ ਮੈਂ ਮਾਤਾ ਕੋਲ ਬੈਠਾ ਖਾ ਰਿਹਾ ਸੀ ਤਾਂ ਮਾਤਾ ਮੇਰੇ ਵੱਲ ਵੇਖ ਕੇ ਕਹਿਣ ਲੱਗੀ ਕਿ ਜਦੋਂ ਤੂੰ ਪੈਦਾ ਹੋਇਆ ਸੀ, ਤੇਰੇ ਨਾਨਾ ਜੀ ਨੇ ਇੱਕ ਤੋਲੇ ਦੀਆਂ ਸੋਨੇ ਦੀਆਂ ਵਾਲੀਆਂ ਬਣਵਾ ਕੇ ਮੈਨੂੰ ਦਿੱਤੀਆਂ ਸਨ, ਪਰ ਤੇਰੇ ਭਾਪਾ ਜੀ ਨੂੰ ਕਾਰੋਬਾਰ ਵਿੱਚ ਘਾਟਾ ਪੈਣ ਕਰ ਕੇ ਛੇਤੀ ਉਹ ਵੇਚਣੀਆਂ ਪਈਆਂ। ਇੰਨਾ ਕਹਿ ਕੇ ਮਾਤਾ ਦੇ ਚਿਹਰੇ ਦੇ ਜੋ ਹਾਵ ਭਾਵ ਸਨ, ਉਨ੍ਹਾਂ ਨੂੰ ਵੇਖ ਕੇ ਮੈਂ ਮਨ ਵਿੱਚ ਸੋਚਿਆ ਕਿ ਜਦੋਂ ਮੈਂ ਵੱਡਾ ਹੋ ਕੇ ਪੈਸੇ ਕਮਾਵਾਂਗਾ ਤਾਂ ਮੈਂ ਮਾਤਾ ਨੂੰ ਵਾਲੀਆਂ ਬਣਵਾ ਕੇ ਦਿਆਂਗਾ। ਭਾਪਾ ਜੀ ਕਾਰੋਬਾਰ ਦੇ ਕਾਰਨ ਕਈ ਕਈ ਮਹੀਨੇ ਘਰ ਨਹੀਂ ਸੀ ਪਰਤਦੇ। ਮਾਤਾ ਘਰ ਚਲਾਉਣ ਲਈ ਬੜੀ ਮਿਹਨਤ ਕਰਦੀ ਅਤੇ ਸਾਡੇ ਭੈਣ ਭਰਾਵਾਂ ਦਾ ਖਰਚਾ ਉਹ ਹੀ ਕੱਢਦੀ ਸੀ। ਅਸੀਂ ਵੀ ਆਪਣੇ ਆਪਣੇ ਵਿੱਤ ਮੁਤਾਬਕ ਪੜ੍ਹਾਈ ਦੇ ਨਾਲ ਨਾਲ ਮਿਹਨਤ ਕਰਦੇ। ਮੇਰੇ ਛੋਟੇ ਮਾਮਾ ਜੀ ਡਾਕਟਰ ਪ੍ਰੀਤਮ ਸਿੰਘ ਪਟਿਆਲਾ ਭਾਸ਼ਾ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਲੱਗੇ ਹੋਏ ਸਨ। ਉਨ੍ਹਾਂ ਦਾ ਮਾਤਾ ਨਾਲ ਬਹੁਤ ਪਿਆਰ ਸੀ ਤੇ ਉਹ ਹਰ ਮਹੀਨੇ ਮਾਤਾ ਨੂੰ ਕੁਝ ਨਾ ਕੁਝ ਪੈਸੇ ਭੇਜਦੇ ਰਹਿੰਦੇ। ਕਿਸੇ ਤਰ੍ਹਾਂ ਘਰ ਦਾ ਗੁਜ਼ਾਰਾ ਚੱਲ ਰਿਹਾ ਸੀ। ਜਦੋਂ ਅਸੀਂ ਪਟਿਆਲਾ ਰਹਿੰਦੇ ਸੀ ਤਾਂ ਮਾਮਾ ਜੀ ਸਵੇਰੇ ਸਵੇਰੇ ਮਠਿਆਈ ਦਾ ਡੱਬਾ ਲੈ ਕੇ ਆ ਗਏ ਤੇ ਕਿਹਾ ਕਿ ਮੁਬਾਰਕਾਂ ਹੋਣ ਮੁੰਡਿਓ! ਮੂੰਹ ਮਿੱਠਾ ਕਰੋ, ਤੁਸੀਂ ਪਾਸ ਹੋ ਗਏ। ਉਸ ਵੇਲੇ ਨਤੀਜੇ ਅਖਬਾਰਾਂ ਵਿੱਚ ਛਪਦੇ ਸਨ। ਸਾਡੇ ਘਰ ਕੋਈ ਅਖਬਾਰ ਨਹੀਂ ਸੀ ਆਉਂਦੀ, ਪਰ ਮਾਮਾ ਜੀ ਦੇ ਘਰ ਸਵੇਰੇ ਹੀ ਅਖਬਾਰ ਆ ਜਾਂਦੀ ਸੀ।

ਮੈਂ ਉਦੋਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ ਜਦੋਂ ਵਜ਼ੀਫੇ ਲਈ ਇੱਕ ਸਪੈਸ਼ਲ ਪੇਪਰ ਹੋਇਆ ਸੀ। ਉਸ ਪੇਪਰ ਦੇ ਨਤੀਜੇ ਦਾ ਕੀ ਬਣਿਆ, ਮੈਨੂੰ ਨਹੀਂ ਸੀ ਪਤਾ। ਸਾਲ ਬੀਤਦੇ ਗਏ ਤੇ ਮੈਂ ਅੱਠਵੀਂ ਜਮਾਤ ਵਿੱਚ ਹੋ ਗਿਆ। ਪੜ੍ਹਾਈ ਵਿੱਚ ਹੁਸ਼ਿਆਰ ਸੀ ਤੇ ਨਾਲ ਮੈਂ ਕ੍ਰਿਕਟ ਚੰਗੀ ਖੇਡਦਾ ਸੀ। ਮੇਰੇ ਕੋਲਬੈਟ ਜੋਗੇ ਪੈਸੇ ਨਹੀਂ ਹੁੰਦੇ ਸਨ। ਪੜ੍ਹਾਈ ਦੇ ਨਾਲ ਸਕੂਲ ਵਿੱਚ ਵਾਧੂ ਵਿਸ਼ਾ ਵੁੱਡ ਵਰਕ ਦਾ ਸੀ, ਜਿਸ ਕਰ ਕੇ ਮੈਂ ਆਪ ਹੀ ਖੇਡਣ ਲਈ ਲੱਕੜ ਦਾ ਬੈਟ ਬਣਾ ਲੈਂਦਾ। ਮੈਨੂੰ ਕ੍ਰਿਕਟ ਦਾ ਸ਼ੁਦਾਅ ਦੀ ਹੱਦ ਤੱਕ ਸ਼ੌਕ ਸੀ, ਪਰ ਪੈਸਿਆਂ ਦੀ ਘਾਟ ਕਰ ਕੇ ਮੈਂ ਸ਼ਹਿਰੋਂ ਬਾਹਰ ਖੇਡਣ ਨਾ ਜਾ ਸਕਿਆ ਤੇ ਨਾ ਹੀ ਕ੍ਰਿਕਟ ਦੀ ਕਿਟ ਖਰੀਦ ਸਕਿਆ, ਕਿਉਂਕਿ ਕਿੱਟ ਬੜੀ ਮਹਿੰਗੀ ਸੀ। ਮੈਂ ਸ਼ਰਾਰਤੀ ਵੀ ਬਹੁਤ ਸੀ। ਇੱਕ ਦਿਨ ਸਕੂਲ ਦੇ ਅਕਾਊਂਟੈਂਟ ਨੇ ਮੈਨੂੰ ਦਫਤਰ ਬੁਲਾ ਕੇ ਕਿਹਾ ਕਿ ਘਰਦਿਆਂ ਨੂੰ ਬੁਲਾ ਕੇ ਲਿਆ। ਮੈਂ ਬਹੁਤ ਘਬਰਾ ਗਿਆ ਕਿ ਪਤਾ ਨਹੀਂ ਮੇਰੇ ਤੋਂ ਕੀ ਗਲਤੀ ਹੋ ਗਈ। ਮੈਂ ਘਰ ਆ ਕੇ ਮਾਤਾ ਜੀ ਨੂੰ ਦੱਸਿਆ। ਅਗਲੇ ਦਿਨ ਮਾਤਾ ਜੀ ਸਕੂਲ ਆ ਗਏ। ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਸੀ ਹੋਇਆ ਕਿ ਮੇਰੇ ਘਰਦਿਆਂ ਨੂੰ ਸਕੂਲ ਬੁਲਾਇਆ ਗਿਆ ਹੋਵੇ। ਜਿਵੇਂ ਹੀ ਮਾਤਾ ਜੀ ਦਫਤਰ ਗਏ ਤਾਂ ਉਨ੍ਹਾਂ ਨੇ ਅਕਾਊਂਟੈਂਟ ਤੋਂ ਪੁੱਛਿਆ ਕਿ ਬੇਟੇ ਨੇ ਕੀ ਕੀਤਾ ਹੈ? ਉਨ੍ਹਾਂ ਦੱਸਿਆ ਕਿ ਤੁਹਾਡੇ ਬੇਟੇ ਨੇ ਤਿੰਨ ਸਾਲ ਪਹਿਲਾਂ ਜੋ ਵਜ਼ੀਫੇ ਦਾ ਪੇਪਰ ਦਿੱਤਾ ਸੀ, ਉਸ ਨੇ ਉਹ ਪਾਸ ਕਰ ਲਿਆ ਸੀ। ਵਜ਼ੀਫੇ ਦੇ ਅੱਠ ਰੁਪਏ ਮਹੀਨਾ ਦੇ ਹਿਸਾਬ ਨਾਲ ਪਿਛਲੇ ਤੀਹ ਮਹੀਨਿਆਂ ਦੇ ਦੋ ਸੌ ਚਾਲੀ ਰੁਪਏ ਆਏ ਹਨ। ਉਸ ਨੇ ਮਾਤਾ ਜੀ ਨੂੰ ਪੈਸੇ ਦਿੱਤੇ ਤੇ ਉਨ੍ਹਾਂ ਤੋਂ ਸਾਈਨ ਕਰਵਾ ਲਏ। ਮੈਨੂੰ ਕੁਝ ਵੀ ਪਤਾ ਨਾ ਲੱਗਾ। ਸ਼ਾਮ ਨੂੰ ਜਦੋਂ ਘਰ ਆਇਆ ਤਾਂ ਮਾਤਾ ਨੇ ਕਿਹਾ ਕਿ ਤੇਰੇ ਵਜ਼ੀਫੇ ਦੇ ਪੈਸੇ ਆਏ ਹਨ, ਤੂੰ ਮੇਰੇ ਨਾਲ ਬਾਜ਼ਾਰ ਚੱਲ ਤੇ ਇਨ੍ਹਾਂ ਪੈਸਿਆਂ ਦੀ ਕ੍ਰਿਕਟ ਦੀ ਕਿੱਟ ਲੈ ਲੈ। ਮੇਰੇ ਮਨ ਵਿੱਚ ਮਾਤਾ ਦੀਆਂ ਵਾਲੀਆਂ ਵਾਲੀ ਗੱਲ ਸੀ। ਜਦੋਂ ਅਸੀਂ ਸੁਭਾਸ਼ ਬਾਜ਼ਾਰ ਵਿੱਚ ਗਏ ਤਾਂ ਮਾਤਾ ਮੈਨੂੰ ਖੇਡਾਂ ਦੇ ਸਾਮਾਨ ਵਾਲੀ ਦੁਕਾਨ ਉੱਤੇ ਲੈ ਗਈ, ਪਰ ਮੈਂ ਉਨ੍ਹਾਂ ਨੂੰ ਉਸ ਤੋਂ ਦੋ ਦੁਕਾਨਾਂ ਅੱਗੇ ਲੈ ਗਿਆ। ਇਹ ਸੁਨਿਆਰੇ ਦੀ ਦੁਕਾਨ ਸੀ। ਮੈਂ ਮਾਤਾ ਨੂੰ ਸੋਨੇ ਦੀਆਂ ਵਾਲੀਆਂ ਪਸੰਦ ਕਰਨ ਨੂੰ ਕਿਹਾ। ਭਾਵੇਂ ਮੈਂ ਬੜਾ ਛੋਟਾ ਸੀ, ਫੇਰ ਵੀ ਮੈਂ ਮਾਤਾ ਨੂੰ ਵਾਲੀਆਂ ਲੈਣ ਲਈ ਮਜਬੂਰ ਕੀਤਾ ਤੇ ਇੱਕ ਤੋਲੇ ਦੀਆਂ ਵਾਲੀਆਂ ਜਦੋਂ ਮਾਤਾ ਨੇ ਕੰਨਾਂ ਵਿੱਚ ਪਾਈਆਂ ਤਾਂ ਉਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਤੇ ਉਸ ਨੇ ਮੈਨੂੰ ਆਪਣੀ ਜੱਫੀ ਵਿੱਚ ਲੈ ਲਿਆ। ਸੁਨਿਆਰਾ ਅਤੇ ਦੁਕਾਨ ਉੱਤੇ ਬੈਠੇ ਹੋਏ ਗਾਹਕ ਸਾਡੇ ਵੱਲ ਬੜੀ ਹੈਰਾਨੀ ਨਾਲ ਦੇਖ ਰਹੇ ਸਨ।

### ਭਗਵੰਤ ਮਾਨ ਨੇ ਕਿਹਾ:

## ਪਾਰਲੀਮੈਂਟ ਦੀ ਸਥਾਈ ਕਮੇਟੀ ਦੀ ਰਿਪੋਰਟ ਬਾਰੇ ਭਰਮ ਫੈਲਾਇਆ ਜਾ ਰਿਹੈ

*** 'ਆਪ' ਅਤੇ ਕਾਂਗਰਸ ਮੈਂਬਰਾਂ ਨੇ ਖੁਰਾਕ ਬਿੱਲ ਦਾ ਵਿਰੋਧ ਕੀਤਾ ਸੀ**

ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਖੁਰਾਕ ਖਪਤਕਾਰ ਮਾਮਲੇ ਤੇ ਜਨਤਕ ਵੰਡ ਸੰਬੰਧੀ ਪਾਰਲੀਮੈਂਟ ਦੀ ਸਥਾਈ ਕਮੇਟੀ ਦੀ ਜ਼ਰੂਰੀ ਵਸਤਾਂ ਵਿੱਚ ਕੀਮਤਾਂ ਦੇ ਵਾਧੇ ਦੇ ਕਾਰਨਾਂ ਅਤੇ ਅਸਰਾਂ ਬਾਰੇ ਰਿਪੋਰਟ ਵਿੱਚ ਸਰਕਾਰੀ ਧਿਰ ਵੱਲੋਂ ਲਏ ਗਏ ਪੈਂਤੜੇ ਦਾ ਅਸੀਂ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਭਰਮ ਫੈਲਾ ਰਹੀਆਂ ਹਨ।

ਚੰਡੀਗੜ੍ਹ ਵਿੱਚੋਂ ਪੰਜਾਬ ਦੇ ਪਾਰਟੀ ਹੈਡਕੁਆਰਟਰ ਤੋਂ ਜਾਰੀ ਕੀਤੇ ਬਿਆਨ ਵਿੱਚ ਭਗਵੰਤ ਮਾਨ ਨੇ ਆਖਿਆ ਕਿ ਪਾਰਲੀਮੈਂਟ ਦੀ ਸਥਾਈ ਕਮੇਟੀ ਵਿੱਚ 14 ਪਾਰਟੀਆਂ ਦੇ 31 ਮੈਂਬਰ ਸਨ, ਜਿਨ੍ਹਾਂ ਵਿੱਚ ਸਭ ਤੋਂ ਵੱਧ ਐਨ ਡੀ ਏ ਨਾਲ ਸੰਬੰਧਤ ਮੈਂਬਰ ਹਨ। ਇਸ ਕਮੇਟੀ ਵਿੱਚ ਸਭ ਵਿਰੋਧੀ ਪਾਰਟੀਆਂ ਨੇ ਇਸ ਬਿੱਲ ਦਾ ਵਿਰੋਧ ਕੀਤਾ ਸੀ। ਅਕਾਲੀ ਦਲ ਦੀ ਆਗੂ ਤੇ ਸਾਬਕਾ ਮੰਤਰੀ ਹਰਸਿਮਤ ਕੌਰ ਬਾਦਲ ਉੱਤੇ ਨਿਸ਼ਾਨਾ ਸੇਧਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਵਿੱਚ ਰਹਿੰਦਿਆਂ ਉਨ੍ਹਾਂ ਦਾ ਸਾਰਾ ਪਰਵਾਰ ਖੇਤੀ ਕਾਨੂੰਨਾਂ ਦੀਆਂ ਸਿਫਤਾਂ ਕਰਦਾ ਨਹੀਂ ਥੱਕਦਾ ਸੀ ਤੇ ਅੱਜ ਜਦੋਂ ਲੋਕਾਂ ਨੇ ਇਨ੍ਹਾਂ ਨੂੰ ਅਸਲੀ ਥਾਂ ਦਿਖਾ ਦਿੱਤੀ ਹੈ ਤਾਂ ਲੋਕਾਂ ਨੂੰ ਗੁੰਮਰਾਹ ਕਰ ਕੇ ਆਪਣੇ ਆਪ ਨੂੰ ਕਿਸਾਨਾਂ ਦੇ ਹਿਤੈਸ਼ੀ ਦੱਸ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਵੀ ਇਹ ਕਹਿ ਚੁੱਕੇ ਹਨ ਕਿ ਆਮ ਆਦਮੀ ਪਾਰਟੀ ਸਮੇਤ ਐਨ ਡੀ ਏ ਗੱਠਜੋੜ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੇ ਸਥਾਈ ਕਮੇਟੀ ਵਿੱਚ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਪਹਿਲੇ ਦਿਨੋਂ ਹੀ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੀ ਰਹੀ ਹੈ ਅਤੇ ਕਰਦੀ ਰਹੇਗੀ।

## ਕੇਜਰੀਵਾਲ ਦੀ ਲਕਸ਼ਮੀ ਕਾਂਤਾ ਚਾਵਲਾ ਨਾਲ ਮੀਟਿੰਗ ਤੋਂ ਚਰਚੇ ਛਿੜੇ

*** ਬੀਬੀ ਲਕਸ਼ਮੀ ਨੇ ਕਿਹਾ: ਮੀਟਿੰਗ ਗੈਰ-ਰਸਮੀ ਸੀ * ਆਮ ਆਦਮੀ ਪਾਰਟੀ ਨੇ ਮੁਲਾਕਾਤ ਬਾਰੇ ਚੁੱਪ ਵੱਟੀ**



ਅੰਮ੍ਰਿਤਸਰ, 23 ਮਾਰਚ (ਪੋਸਟ ਬਿਊਰੋ)- ਭਾਜਪਾ ਦੀ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਪ੍ਰੋਫੈਸਰ ਲਕਸ਼ਮੀ ਕਾਂਤਾ ਚਾਵਲਾ ਵੱਲੋਂ ਕੱਲ੍ਹ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਕੀਤੀ ਗਈ ਮੁਲਾਕਾਤ ਨੇ ਸਿਆਸੀ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।

ਵਰਨਣ ਯੋਗ ਹੈ ਕਿ ਅਰਵਿੰਦ ਕੇਜਰੀਵਾਲ ਜਦੋਂ ਬਾਘਾਪੁਰਾਣਾ ਤੋਂ ਦਿੱਲੀ ਵਾਪਸ ਜਾਣ ਲਈ ਅੰਮ੍ਰਿਤਸਰ ਪੁੱਜੇ ਸਨ ਤਾਂ ਇਹ ਮੁਲਾਕਾਤ ਇਥੇ ਸਰਕਟ ਹਾਊਸ ਵਿੱਚ ਸ਼ਾਮ ਸਮੇਂ ਹੋਈ ਸੀ। ਕੇਜਰੀਵਾਲ ਕਿਸਾਨ ਮਹਾ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਪੁੱਜੇ ਸਨ ਤੇ ਇਥੋਂ ਸੜਕ ਰਸਤੇ ਬਾਘਾਪੁਰਾਣਾ ਗਏ ਸਨ। ਦੋਵਾਂ ਦੀ ਇਸ ਮੁਲਾਕਾਤ ਦੀ ਗੱਲ ਓਦੋਂ ਜੱਗ ਜ਼ਾਹਿਰ ਹੋਈ, ਜਦੋਂ ਇਸ ਬਾਰੇ ਸੋਸ਼ਲ ਮੀਡੀਆ ਉੱਤੇਇੱਕ ਤਸਵੀਰ ਵਾਇਰਲ ਹੋਈ, ਜਿਸ ਵਿੱਚ ਕੇਜਰੀਵਾਲ ਦੇ ਨਾਲ ਪ੍ਰੋਫੈਸਰ ਲਕਸ਼ਮੀ ਕਾਂਤਾ ਚਾਵਲਾ ਬੈਠੇ ਹੋਏ ਹਨ ਅਤੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੀ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਵੀ ਹਨ ਤੇ ਮੇਜ਼ ਉੱਤੇ ਚਾਹ ਦੇ ਕੱਪ ਪਏ ਹਨ। ਆਮ ਆਦਮੀ ਪਾਰਟੀਦੇ ਆਗੂਆਂ ਨੇ ਇਸ ਮੁਲਾਕਾਤ ਬਾਰੇ ਚੁੱਪਧਾਰੀ ਹੋਈ ਹੈ। ਦੂਸਰੇ ਪਾਸੇ ਭਾਜਪਾ ਦੇ ਜ਼ਿਲਾ ਪ੍ਰਧਾਨ ਸੁਰੇਸ਼ ਸ਼ਰਮਾ ਨੇ ਕਿਹਾ ਕਿ ਪ੍ਰੋਫੈਸਰ ਲਕਸ਼ਮੀ ਕਾਂਤਾ ਚਾਵਲਾ ਰੋਜ਼ ਸ਼ਾਮ ਨੂੰ ਸਰਕਟ ਹਾਊਸ ਵਿੱਚ ਸੈਰ ਕਰਨ ਜਾਂਦੇ ਹਨ ਅਤੇ ਓਦੋਂ ਵੀਓਥੇ ਸੈਰ ਕਰ ਰਹੇ ਸਨ ਕਿ ਕੇਜਰੀਵਾਲ ਉਥੇ ਪੁੱਜ ਗਏ ਤੇ ਉਨ੍ਹਾਂ ਨੇ ਬੀਬੀ ਚਾਵਲਾ ਨੂੰ ਸਰਕਟ ਹਾਊਸ ਵਿੱਚ ਸੱਦ ਲਿਆ। ਇਸੇ ਦੌਰਾਨ ਲਕਸ਼ਮੀ ਕਾਂਤਾ ਚਾਵਲਾ ਨੇ ਕਿਹਾ ਹੈ ਕਿ ਇਹ ਗੈਰ ਰਸਮੀ ਅਤੇ ਅਚਨਚੇਤੀ ਹੋਈ ਮੁਲਾਕਾਤ ਸੀ ਤੇ ਇਸ ਬਾਰੇ ਚਰਚਾ ਸਿਰਫ ਅਫਵਾਹਾਂ ਹਨ।

## ਸੁਖਪਾਲ ਖਹਿਰਾ ਦਾ ਕਾਂਗਰਸ ਵਿੱਚ ਵਾਪਸ ਜਾਣਾ ਲਗਭਗ ਤੈਅ



ਭੁਲੱਥ, 23 ਮਾਰਚ (ਪੋਸਟ ਬਿਊਰੋ)- ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵੱਲੋਂ ਇਸ ਹਲਕੇ ਤੋਂ ਵਿਧਾਇਕ ਬਣਨ 'ਚ ਸਫਲ ਹੋਏ ਸਨ। ਫਿਰ ਉਨ੍ਹਾਂ ਦੇ ਆਮ ਆਦਮੀ ਪਾਰਟੀ ਦੀ ਹਾਈ ਕਮਾਨ ਨਾਲ ਸਬੰਧ ਵਧੀਆ ਨਾ ਰਹਿਣ ਕਰ ਕੇ ਉਹ ਪਾਰਟੀ ਛੱਡ ਕੇ ਆਪਣੀ ਵੱਖਰੀ 'ਪੰਜਾਬ ਏਕਤਾ ਪਾਰਟੀ' ਬਣਾਈ ਸੀ ਅਤੇ ਦੁਆਬਾ ਛੱਡ ਕੇ ਮਾਲਵੇ ਵਿੱਚ ਜਾ ਕੇ ਆਪਣੀ ਧਾਕ ਜਮਾਉਣ ਲਈ ਉਸ ਪਾਰਟੀ ਵੱਲੋਂ ਬਠਿੰਡਾ ਤੋਂ ਲੋਕ ਸਭਾ ਚੋਣ ਲੜੀ, ਪਰ ਹਾਰ ਜਾਣਪਿੱਛੋਂ ਸਿਆਸਤ ਜਾਰੀ ਰੱਖਦੇ ਹੋਏ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਸਮੇਂ-ਸਮੇਂ ਉੱਤੇ ਆਪਣਾ ਯੋਗਦਾਨ ਵੀ ਪਾਇਆ ਸੀ। ਤਾਜ਼ਾ ਕਨਸੋਆਂ ਹਨ ਕਿ ਵਿਧਾਇਕ ਸੁਖਪਾਲ ਸਿੰਘ ਖਹਿਰਾ ਫਿਰ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਪੂਰਾ ਮੂਡ ਬਣਾ ਚੁੱਕੇ ਹਨ, ਜਿਸ ਬਾਰੇ ਕਾਂਗਰਸ ਹਾਈਕਮਾਨ ਨਾਲ ਗੁਪਤ ਮੀਟਿੰਗਾਂ ਵੀ ਕੀਤੀਆਂ ਗਈਆਂ ਹਨ। ਉਨ੍ਹਾਂ ਦੇ ਨੇੜਲੇ ਸੂਤਰਾਂ ਮੁਤਾਬਕ ਗੱਲ ਹੋ ਚੁੱਕੀ ਹੈ। ਖਹਿਰਾ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਹਾਲੇ ਦੋਸ਼ੀ ਨਹੀਂ ਮੰਨਿਆ, ਪਰ ਉਨ੍ਹਾਂ ਨੂੰ ਈ ਡੀ ਨੂੰ 24 ਮਾਰਚ ਨੂੰ ਜਵਾਬ ਦਾਇਰ ਕਰਨਾ ਪਵੇਗਾ।

ਅੱਜਕੱਲ੍ਹ ਖਹਿਰਾ ਕਿਸੇ ਵੀ ਮੰਚ ਉੱਤੇ ਕਾਂਗਰਸ ਦਾ ਕਸੂਰ ਹੁੰਦੇ ਵੀ ਉਸ ਦੇ ਖ਼ਿਲਾਫ਼ ਮੂੰਹ ਖੋਲ੍ਹਣ ਨੂੰ ਮੁਨਾਸਿਬ ਨਹੀਂ ਸਮਝਦੇ, ਜੋ ਉਨ੍ਹਾਂ ਦੇ ਭੱਵਿਖ ਵਿੱਚ ਕਾਂਗਰਸ 'ਚ ਸ਼ਾਮਲ ਹੋਣ ਦਾ ਸਬੂਤ ਮੰਨਿਆ ਜਾ ਰਿਹਾ ਹੈ। ਓਧਰ ਕਾਂਗਰਸ ਹਾਈਕਮਾਨ ਵੀ ਇਹ ਗੱਲ ਭੁੱਲੀ ਨਹੀਂ ਕਿ ਖਹਿਰਾ ਤੋਂ ਬਿਨਾਂ ਕਾਂਗਰਸ ਦਾ ਕੋਈ ਹੋਰ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦਾ ਮੁਕਾਬਲਾ ਇਸ ਹਲਕੇ ਵਿੱਚ ਕਰਨ ਦੇ ਸਮਰੱਥ ਨਹੀਂ, ਇਸ ਕਰ ਕੇ ਏਥੋਂ ਕਾਂਗਰਸ ਵੱਲੋਂ ਖਹਿਰਾ ਦਾ ਪੱਤਾ ਫਿਰ ਖੋਲ੍ਹਣਾ ਸੰਭਵ ਮੰਨਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਦੇ ਪਰਵਾਰ ਨਾਲ ਵੋਟ ਬੈਂਕ ਜੁੜਿਆ ਹੈ।




## ਮੋਦੀ ਸਰਕਾਰ ਵੱਲੋਂ ਵਿਸਾਖੀ ਮੌਕੇ ਜਥੇ ਪਾਕਿਸਤਾਨ ਭੇਜਣ ਦਾ ਫ਼ੈਸਲਾ

ਚੰਡੀਗੜ੍ਹ, 23 ਮਾਰਚ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਵਿਸਾਖੀ ਮੌਕੇ ਪਾਕਿਸਤਾਨ ਵਿਚਲੇ ਗੁਰੂ ਘਰਾਂ ਦੀ ਯਾਤਰਾ ਲਈ ਸਿੱਖ ਜਥੇ ਭੇਜਣ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਇਸ ਸਾਲ ਫਰਵਰੀ ਵਿੱਚ ਕੇਂਦਰ ਸਰਕਾਰ ਨੇ ਸਿੱਖ ਜਥੇ ਦੀ ਪਾਕਿਸਤਾਨ ਯਾਤਰਾ ਕੋਰੋਨਾ ਦਾ ਹਵਾਲਾ ਦੇ ਕੇ ਰੋਕ ਦਿੱਤੀ ਸੀ। ਅੱਗੋਂ ਕੇਂਦਰ ਸਰਕਾਰ ਨੇ ਰਾਜਾਂ ਨੂੰ ਵਿਸਾਖੀ ਉਤੇ ਪਾਕਿਸਤਾਨ ਲਈ ਸਿੱਖ ਜਥੇ ਭੇਜਣ ਦਾ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ।

ਕੇਂਦਰ ਸਰਕਾਰ ਨੇ ਸਿੱਖ ਜਥੇ ਨੂੰ ਪਾਕਿਸਤਾਨ ਦੇ 11 ਦਿਨਾਂ ਦੌਰੇ ਉਤੇ ਭੇਜਣ ਦਾ ਫ਼ੈਸਲਾ ਕੀਤਾ ਹੈ। ਇਸ ਜਥੇ ਦਾ ਇਹ ਦੌਰਾ 12 ਅਪ੍ਰੈਲ ਤੋਂ 21 ਅਪ੍ਰੈਲ ਤੱਕ ਹੋਵੇਗਾ। ਗ੍ਰਹਿ ਮੰਤਰਾਲੇ ਵੱਲੋਂ ਪੰਜਾਬ ਦੀ ਚੀਫ ਸੈਕਟਰੀ ਨੂੰ ਭੇਜੀ ਫੈਕਸ ਵਿੱਚ ਕਿਹਾ ਗਿਆ ਕਿ ਕੇਂਦਰ ਸਰਕਾਰ ਨੇ ਸਿੱਖਾਂ ਨੂੰ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨ ਲਈ ਭੇਜਣ ਦਾ ਫ਼ੈਸਲਾ ਕੀਤਾ ਹੈ। ਜਥੇ ਦੇ ਪ੍ਰੋਗਰਾਮ ਦੀ ਰੂਪ-ਰੇਖਾ ਗ੍ਰਹਿ ਮੰਤਰਾਲੇ ਨੇ ਤੈਅ ਕਰ ਦਿੱਤੀ ਹੈ, ਜਿਸ ਦੇ ਤਹਿਤ 12 ਅਪ੍ਰੈਲ ਨੂੰ ਸਿੱਖ ਜਥਾ ਵਾਹਗਾ ਬਾਰਡਰ ਤੇ ਰਸਤੇ ਪੈਦਲ ਪਾਕਿਸਤਾਨ 'ਚ ਦਾਖਲ ਹੋਵੇਗਾ ਅਤੇ ਉਥੇ ਸੜਕ ਦੇ ਰਸਤੇ ਤੋਂ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਪਾਕਿਸਤਾਨ ਨੂੰ ਰਵਾਨਾ ਹੋਵੇਗਾ। ਇਹ ਜਥਾ 13 ਅਪ੍ਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ 'ਚ ਰੁਕੇਗਾ ਅਤੇ ਉਥੋਂ ਵਲੀ ਕੰਧਾਰੀ ਗੁਫਾ ਜਾਵੇਗਾ। 14 ਅਪ੍ਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ 'ਚ ਵਿਸਾਖੀ ਦਾ ਮੁੱਖ ਸਮਾਰੋਹ ਹੋਵੇਗਾ ਅਤੇ ਉਸਦੇ ਬਾਅਦ ਜਥਾ ਨਨਕਾਣਾ ਸਾਹਿਬ ਲਈ ਰਵਾਨਾ ਹੋਵੇਗਾ। 15 ਅਪ੍ਰੈਲ ਨੂੰ ਨਨਕਾਣਾ ਸਾਹਿਬ 'ਚ ਸਥਾਨਕ ਗੁਰੂ ਘਰਾਂ ਦੇ ਦਰਸ਼ਨ ਕਰਨ ਪਿੱਛੋਂ ਜਥਾ 16 ਅਪ੍ਰੈਲ ਨੂੰ ਗੁਰਦੁਆਰਾ ਸੱਚਾ ਸੌਦਾ (ਫਾਰੁਖਾਬਾਦ, ਪਾਕਿਸਤਾਨ) ਦੇ ਦਰਸ਼ਨ ਕਰ ਕੇ ਵਾਪਸ ਨਨਕਾਣਾ ਸਾਹਿਬ ਪਰਤੇਗਾ। 17 ਅਪ੍ਰੈਲ ਨੂੰ ਇਹ ਜਥਾ ਸੜਕ ਰਸਤੇ ਨਨਕਾਣਾ ਸਾਹਿਬ ਤੋਂ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਜਾਵੇਗਾ। ਇੱਥੇ 18 ਅਪ੍ਰੈਲ ਤੱਕ ਠਹਿਰਨ ਦੇ ਬਾਅਦ ਜਥਾ 19 ਅਪ੍ਰੈਲ ਨੂੰ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਨਾਰੋਵਾਲ ਪਹੁੰਚੇਗਾ ਅਤੇ ਰਾਤ ਦਾ ਪੜਾਅ ਇੱਥੇ ਹੋਵੇਗਾ। 20 ਅਪ੍ਰੈਲ ਨੂੰ ਗੁਰਦੁਆਰਾ ਰੋੜੀ ਸਾਹਿਬ (ਏਮਨਾਬਾਦ) ਦੇ ਦਰਸ਼ਨ ਕਰ ਕੇ ਜਥਾ ਲਾਹੌਰ ਪਹੁੰਚ ਕੇ 21 ਅਪ੍ਰੈਲ ਤੱਕ ਗੁਰਦੁਆਰਾ ਡੇਰਾ ਸਾਹਿਬ 'ਚ ਠਹਿਰਨ ਦੇ ਬਾਅਦ 22 ਅਪ੍ਰੈਲ ਨੂੰ ਵਾਹਗਾ ਬਾਰਡਰ ਦੇ ਰਸਤੇ ਹੀ ਭਾਰਤ ਪਰਤ ਆਵੇਗਾ।

## ਮਰਨ ਦੇ ਡੇਢ ਸਾਲ ਬਾਅਦ ਖਪਤਕਾਰ ਨੂੰ ਬੀਮਾ ਕਲੇਮ ਦਾ ਇਨਸਾਫ ਮਿਲਿਆ

ਜਲੰਧਰ, 23 ਮਾਰਚ (ਪੋਸਟ ਬਿਊਰੋ)- ਪੰਜਪੀਰ ਦੇ ਵਸਨੀਕ ਸੁਰੇਸ਼ ਕੁਮਾਰ ਦੀ ਮੌਤ ਦੇ ਕਰੀਬ ਡੇਢ ਸਾਲ ਬਾਅਦ ਉਨ੍ਹਾਂ ਦੇ ਪਰਵਾਰ ਨੂੰ ਕੰਜਿਊਮਰ ਫੋਰਮ ਤੋਂ ਇਨਸਾਫ ਮਿਲਿਆ ਹੈ।

ਵਰਨਣ ਯੋਗ ਹੈ ਕਿ ਜੀਵਨ ਬੀਮਾ (ਐਲ ਆਈ ਸੀ) ਵੱਲੋਂ ਹੈਲਥ ਮੈਡੀਕਲ ਇੰਸ਼ੋਰੈਂਸ ਪਾਲਸੀ ਹੋਣ ਦੇ ਬਾਵਜੂਦ ਉਨ੍ਹਾਂ ਦਾ ਕਲੇਮ ਰਿਜੈਕਟ ਕਰ ਦਿੱਤਾ ਗਿਆ ਸੀ, ਜਿਸ ਨੂੰ ਸਾਲ 2017 ਵਿੱਚ ਕੰਜਿਊਮਰ ਫੋਰਮ ਵਿੱਚ ਚੈਲਿੰਜ ਕਰਨ ਪਿੱਛੋਂ ਕੇਸ ਉਨ੍ਹਾਂ ਦੇ ਹੱਕ ਵਿੱਚ ਹੋਇਆ ਸੀ ਅਤੇ ਕਮਿਸ਼ਨ ਨੇ 81,709 ਹਜ਼ਾਰ ਰੁਪਏ ਕਲੇਮ ਸੈਟਲ ਕਰਨ ਦੇ ਨਾਲ 15 ਹਜ਼ਾਰ ਰੁਪਏ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਹਨ। ਦੋ ਨਵੰਬਰ 2019 ਨੂੰ ਸੁਰੇਸ਼ ਕੁਮਾਰ ਧੀਰ ਦਾ ਦਿਹਾਂਤ ਹੋ ਗਿਆ ਸੀ। ਉਨ੍ਹਾਂ ਨੇ ਸਾਲ 2011 ਵਿੱਚ 750 ਰੁਪਏ ਦੇ ਮਹੀਨਾ ਪ੍ਰੀਮੀਅਮ ਉੱਤੇ ਐਲ ਆਈ ਸੀ ਤੋਂ ਪੰਜ ਸਾਲ ਦੇ ਲਈ ਹੈਲਥ ਮੈਡੀਕਲ ਇੰਸ਼ੋਰੈਂਸ ਪਾਲਸੀ ਲਈ ਹੋਈ ਸੀ। ਸਾਲ 2017 ਵਿੱਚ ਸੁਰੇਸ਼ ਕੁਮਾਰ ਧੀਰ ਆਪਣੇ ਕੰਮ ਲਈ ਗੁਜਰਾਤ ਦੇ ਭਾਵਨਗਰ ਗਏ, ਜਿੱਥੇ ਉਨ੍ਹਾਂ ਦੀ ਬਾਂਹ ਵਿੱਚ ਦਰਦ ਹੋਇਆ ਅਤੇ ਉਨ੍ਹਾਂ ਨੂੰ ਪੈਰਾਲਾਈਜ਼ ਅਟੈਕ ਹੋ ਗਿਆ। ਉਨ੍ਹਾਂ ਨੂੰ ਹਸਪਤਾਲ ਪ੍ਰਬੰਧਕਾਂ ਨੇ ਆਈ ਸੀ ਯੂ ਵਿਚ ਭਰਤੀ ਕੀਤਾ। ਤਿੰਨ ਦਿਨ ਆਈ ਸੀ ਯੂ ਵਿੱਚ ਰਹਿਣ ਪਿੱਛੋਂ ਉਨ੍ਹਾਂ ਨੂੰ ਨਾਰਮਲ ਰੂਮ ਵਿੱਚ ਸ਼ਿਫਟ ਕੀਤਾ ਗਿਆ ਤੇ ਅੱਠ ਦਿਨ ਬਾਅਦ ਛੁੱਟੀ ਮਿਲੀ ਅਤੇ ਇਸ ਉੱਤੇ ਕਰੀਬ ਇੱਕ ਲੱਖ ਰੁਪਏ ਖਰਚ ਹੋਏ। ਪੈਰਾਲਾਈਜ਼ ਦੇ ਬਾਰੇ ਉਨ੍ਹਾਂ ਨੇ ਸ਼ਾਰਦਾ ਮੈਡੀਕਲ ਸੈਂਟਰ ਹਿਮਾਚਲ ਤੋਂ ਇਲਾਜ ਕਰਵਾਇਆ, ਜਿੱਥੇ ਉਨ੍ਹਾਂ ਦਾ ਪੰਜਾਹ ਹਜ਼ਾਰ ਰੁਪਏ ਖਰਚ ਹੋਇਆ। ਮਾਰਚ 2017 ਵਿੱਚ ਸੁਰੇਸ਼ ਕੁਮਾਰ ਧੀਰ ਨੇ ਆਪਣੇ ਇਲਾਜਦੇ ਖਰਚ ਦਾ ਮੈਡੀਕਲ ਕਲੇਮ ਹੈਲਥ ਇੰਸ਼ੋਰੈਂਸ ਪਾਲਸੀ ਤੋਂ ਮੰਗਿਆ ਤਾਂ ਉਨ੍ਹਾਂ ਨੇ ਕਲੇਮ ਵਿੱਚ ਸਿਰਫ 11 ਹਜ਼ਾਰ ਰੁਪਏ ਦੇਣ ਦਾ ਜ਼ਿਕਰ ਕੀਤਾ, ਜਦ ਕਿ ਖਪਤਕਾਰ ਨੇ ਆਪਣੇ ਇਲਾਜ ਉੱਤੇ 1.50 ਲੱਖ ਰੁਪਏ ਖਰਚ ਕੀਤੇ ਸਨ।ਇਸ ਦੇ ਬਾਅਦ 26 ਅਪ੍ਰੈਲ 2017 ਨੂੰ ਸੁਰੇਸ਼ ਕੁਮਾਰ ਧੀਰ ਨੇ ਐਡਵੋਕੇਟ ਆਰ ਕੇ ਭੰਡਾਰੀ ਦੇ ਰਾਹੀਂ ਜ਼ਿਲਾ ਖਪਤਕਾਰ ਕਮਿਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ, ਜਿਸ ਉੱਤੇ ਫੈਸਲਾ ਕਰਦੇ ਹੋਏ ਪ੍ਰੈਜ਼ੀਡੈਂਟ ਕੁਲਜੀਤ ਸਿੰਘ ਤੇ ਮੈਂਬਰ ਜਯੋਤਸਨਾ ਨੇ ਐਲ ਆਈ ਸੀ ਨੂੰ 81,709 ਹਜ਼ਾਰ ਰੁਪਏ, ਜੋ ਮੈਡੀਕਲ ਟ੍ਰੀਟਮੈਂਟ ਉੱਤੇ ਖਰਚ ਹੋਏ ਸਨ, ਉਨ੍ਹਾਂ ਨੂੰ ਦੇਣ ਦੇ ਨਾਲ 15 ਹਜ਼ਾਰ ਰੁਪਏ ਮੁਆਵਜ਼ਾ ਅਤੇ ਪੰਜ ਹਜ਼ਾਰ ਰੁਪਏ ਕੰਜਿਊਮਰ ਲੀਗਲ ਐਂਡ ਅਕਾਊਂਟ ਵਿੱਚ ਸਬਮਿਟ ਕਰਨ ਦੇ ਹੁਕਮ ਦਿੱਤੇ ਹਨ।

# ਸੁਪਰੀਮ ਕੋਰਟ ਐਨ ਆਰ ਆਈ ਪਤੀਆਂ ਦੇ ਖ਼ਿਲਾਫ਼ ਕਾਰਵਾਈ ਬਾਰੇ ਪਟੀਸ਼ਨਾਂ ਉੱਤੇ ਜੁਲਾਈ 'ਚ ਸੁਣਵਾਈ ਕਰੇਗੀ



ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੱਲ੍ਹ ਦੱਸਿਆ ਕਿ ਅਦਾਲਤ ਉਨ੍ਹਾਂ ਪਟੀਸ਼ਨਾਂ 'ਤੇ ਜੁਲਾਈ ਵਿੱਚ ਸੁਣਵਾਈ ਕਰੇਗੀ, ਜਿਸ 'ਚ ਪਤਨੀਆਂ ਨੂੰ ਛੱਡਣ ਵਾਲੇ ਤੇ ਦਹੇਜ ਲਈ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਪ੍ਰਵਾਸੀ ਭਾਰਤੀ (ਐਨ ਆਰ ਆਈ) ਪਤੀਆਂ ਦੀ ਲਾਜ਼ਮੀ ਗ੍ਰਿਫ਼ਤਾਰੀ ਦੀ ਬੇਨਤੀ ਕੀਤੀ ਗਈ ਹੈ।
ਪਟੀਸ਼ਨਕਰਤਾ ਔਰਤਾਂ ਦੇ ਗਰੁੱਪ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕੋਲਿਨ ਗੋਂਜ਼ਾਲਵਿਸ ਨੇ ਚੀਫ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਅਤੇ ਜਸਟਿਸ ਏ ਐਸ ਬੋਪੰਨਾ ਅਤੇ ਜਸਟਿਸ ਵੀ ਰਾਮਾਸੁਬਰਾਮਨੀਅਨ ਦੇ ਬੈਂਚ ਨੂੰ ਦੱਸਿਆ ਕਿ ਇਸ ਮਾਮਲੇ 'ਚ ਬਿਆਨ ਹੋ ਚੁੱਕੇ ਹਨ ਅਤੇ ਉਹ ਦਲੀਲਾਂ ਦੇਣ ਨੂੰ ਤਿਆਰ ਹਨ, ਜਿਸ 'ਤੇ ਬੈਂਚ ਨੇ ਦੱਸਿਆ ਕਿ ਉਹ ਇਸ ਮਾਮਲੇ ਦੀ ਅਗਲੀ ਸੁਣਵਾਈ ਨੂੰ ਜੁਲਾਈ ਲਈ ਸੂਚੀਬੱਧ ਕਰ ਰਹੇ ਹਨ। ਗੈਰ ਸਰਕਾਰੀ ਸੰਗਠਨ (ਐਨ ਜੀ ਓ) 'ਪ੍ਰਵਾਸੀ ਲੀਗਲ ਸੈਲ' ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੰਜੇ ਹੇਗੜੇ ਨੇ ਦੱਸਿਆ ਕਿ ਉਨ੍ਹਾਂ ਇਸ ਕੇਸ ਬਾਰੇ ਵੱਖਰੀ ਪਟੀਸ਼ਨ ਦਾਇਰ ਕੀਤੀ ਹੈ ਅਤੇ ਉਹ ਇਸ ਵਿੱਚ ਅਦਾਲਤ ਦੀ ਮਦਦ ਕਰਨਾ ਚਾਹੁੰਦੇ ਹਨ। ਉਨ੍ਹਾਂ ਇਸ ਮਾਮਲੇ 'ਚ ਨੋਟਿਸ ਜਾਰੀ ਕਰਨ ਦੀ ਮੰਗ ਕੀਤੀ ਤਾਂ ਬੈਂਚ ਨੇ ਦੋਵਾਂ ਪਟੀਸ਼ਨਾਂ 'ਤੇ ਨੋਟਿਸ ਜਾਰੀ ਕਰ ਦਿੱਤਾ।
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੇਸ਼ ਹੋਏ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਇਸ ਕੇਸ ਵਿੱਚਵੱਖਰੀ ਪਟੀਸ਼ਨ ਦਾਇਰ ਕੀਤੀ ਹੈ ਅਤੇ ਉਸ 'ਤੇ ਵੀ ਨੋਟਿਸ ਜਾਰੀ ਕੀਤਾ ਜਾਵੇ। ਸੁਪਰੀਮ ਕੋਰਟ ਵੱਲੋਂ 13 ਨਵੰਬਰ 2018 ਨੂੰ ਇਸ ਬਾਰੇ ਪਟੀਸ਼ਨ 'ਤੇ ਕੇਂਦਰ ਨੂੰ ਨੋਟਿਸ ਜਾਰੀ ਕਰਦਿਆਂ ਕਿਹਾ ਗਿਆ ਸੀ ਕਿ ਇਕੱਲੀਆਂ ਵਾਂਝੀਆਂ (ਛੁੱਟੜ) ਔਰਤਾਂ ਨੂੰ ਕਾਨੂੰਨੀ ਤੇ ਵਿੱਤੀ ਮਦਦ ਮਿਲਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਐਨ ਆਰ ਆਈ ਪਤੀਆਂ ਖ਼ਿਲਾਫ਼ ਐਫ ਆਈ ਆਰ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ।

### ਫ਼ੌਜੀ ਭਰਤੀ ਦੇ ਟੈਸਟ ਵਿੱਚ ਧਾਂਦਲੀ :

# ਆਰਮੀ ਦੇ ਇੱਕ ਡਾਕਟਰ ਵਿਰੁੱਧ ਜਾਂਚ ਸੀ ਬੀ ਆਈ ਕਰੇਗੀ

ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਭਾਰਤੀ ਫ਼ੌਜ ਦੇ ਜਵਾਨਾਂ ਦੀ ਭਰਤੀ ਦੇ ਇੱਕ ਕੇਸ ਵਿੱਚ ਸੀ ਬੀ ਆਈ ਦੀ ਐਂਟਰੀ ਹੋ ਚੁੱਕੀ ਹੈ। ਭਰਤੀ ਹੋਣ ਦੌਰਾਨ ਮੈਡੀਕਲ ਟੈਸਟ ਕਰਦੇ ਸਮੇਂ ਧਾਂਦਲੀ ਵਿੱਚ ਸ਼ਾਮਲ ਇੱਕ ਡਾਕਟਰ ਨੂੰ ਸੀ ਬੀ ਆਈ ਦੀ ਜਾਂਚ ਦਾ ਸਾਹਮਣਾ ਕਰਨਾ ਪਏਗਾ।
ਸਰਕਾਰੀ ਸੂਤਰਾਂ ਮੁਤਾਬਕ ਹਰਿਆਣਾ ਵਿੱਚ ਤਾਇਨਾਤ ਫ਼ੌਜ ਦੇ ਇੱਕ ਡਾਕਟਰ ਨੂੰ ਜਵਾਨਾਂ ਦੇ ਮੈਡੀਕਲ ਟੈਸਟ ਕਰਵਾਉਣ ਸਮੇਂ ਧਾਂਦਲੀ ਕਰਨ ਲਈ ਜਾਂਚ ਦਾ ਸਾਹ-ਮਣਾ ਕਰਨਾ ਪਵੇਗਾ। ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਫੌਜ ਵਿੱਚ ਭਰਤੀ ਕੀਤੇ ਲੱਗਭਗ 42 ਫੀਸਦੀ ਜਵਾਨਾਂ ਨੇ ਆਪਣਾ ਪਹਿਲਾ ਮੈਡੀਕਲ ਟੈਸਟ ਕਲੀਅਰ ਨਹੀਂ ਕੀਤਾ ਤੇ ਪਹਿਲੇ ਟੈਸਟ ਤੋਂ ਇੱਕ ਮਹੀਨੇ ਬਾਅਦ ਹੋਏ ਰੀਵਿਊ ਮੈਡੀਕਲ ਬੋਰਡ ਤੱਕ ਪਹੁੰਚ ਗਏ। ਜਾਣਕਾਰ ਸੂਤਰਾਂ ਮੁਤਾਬਕ ਕਈ ਮੌਕਿਆਂ 'ਤੇ ਇਹ ਵੇਖਿਆ




ਗਿਆ ਕਿ ਉਮੀਦਵਾਰ ਮੁੱਢਲੀ ਪ੍ਰੀਖਿਆ ਵਿੱਚ ਨੱਕ ਦੀ ਹੱਡੀ ਵਿੱਚ ਖਰਾਬੀ ਜਾਂ ਕਿਸੇ ਦੂਜੇ ਛੋਟੇ ਨੁਕਸ ਦੇ ਆਧਾਰ 'ਤੇ ਫੇਲ ਕੀਤੇ ਗਏ ਸਨ। ਇਨ੍ਹਾਂ ਭਰਤੀਆਂ ਲਈ ਨੌਜਵਾਨਾਂ ਨੂੰ ਸਮੀਖਿਆ ਮੈਡੀਕਲ ਬੋਰਡ ਵਿੱਚ ਲੰਘਣਾ ਪੈਂਦਾ ਹੈ। ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਨੇ ਸਬੰਧਤ ਅਧਿਕਾਰੀਆਂ ਨੂੰ ਸਖ਼ਤ ਨਿਰੇਦਸ਼ ਦਿੱਤੇ ਸਨ ਕਿ ਉਹ ਨੈਤਿਕ ਮਰਿਆਦਾ ਅਤੇ ਵਿੱਤੀ ਗੜਬੜ ਦੇ ਮਾਮਲਿਆਂ ਵਿੱਚ ਸ਼ਾਮਲ ਲੋਕਾਂ ਵਿਰੁੱਧ ਠੀਕ ਢੰਗ ਨਾਲ ਕੰਮ ਕਰਨ।


# ਇੱਕ ਸਾਲ ਵਿੱਚ ਭਾਰਤ ਦੇ ਨਕਲੀ ਨੋਟਾਂ ਦੀ ਗਿਣਤੀ ਤਿੰਨ ਗੁਣਾਂ ਵਧੀ

ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਕੋਰੋਨਾ ਤੇ ਨਕਲੀ ਨੋਟਾਂ ਦੇ ਕਾਰੋਬਾਰ ਦਾ ਸਿੱਧਾ ਸਬੰਧ ਨਹੀਂ, ਪਰ ਪਿਛਲੇ ਸਾਲ ਫੜੇ ਗਏ ਨਕਲੀ ਨੋਟਾਂ ਦੀ ਗਿਣਤੀ ਹੈਰਾਨ ਕਰਨ ਵਾਲੀ ਹੈ।
ਸਾਲ 2020 ਵਿੱਚ ਭਾਰਤ ਦੀਆਂ ਸਰਕਾਰੀ ਏਜੰਸੀਆਂ ਨੇ ਜਿਹੜੀ ਵੱਡੀ ਮਾਤਰਾ ਵਿੱਚ ਨਕਲੀ ਨੋਟ ਸਾਰੇ ਦੇਸ਼ ਵਿੱਚੋਂ ਫੜੇ ਹਨ, ਉਹ ਦੱਸਦੇ ਹਨ ਕਿ ਨਕਲੀ ਨੋਟ ਚਲਾਉਣ ਦੀ ਕੋਸ਼ਿਸ਼ ਕਰਨ ਵਾਲੇ ਅਪਰਾਧੀ ਕੋਰੋਨਾ ਕਾਲ ਵਿੱਚ ਵੱਧ ਸਰਗਰਮ ਹੋਏ ਹਨ। ਬੀਤੇ ਸਾਲ ਦੌਰਾਨ ਕੁੱਲ 8,34,947 ਲੱਖ ਨਕਲੀ ਨੋਟ ਫੜੇ ਗਏ, ਜੋ ਸਾਲ 2019 ਦੇ ਮੁਕਾਬਲੇ 280 ਫੀਸਦੀ ਵੱਧ ਹੈ। 2016 ਵਿੱਚ ਨੋਟਬੰਦੀ ਲਾਗੂ ਹੋਣ ਦੇ ਬਾਅਦ ਪਹਿਲੀ ਵਾਰ ਕਿਸੇ ਇੱਕ ਸਾਲ ਵਿੱਚ ਅਚਾਨਕ ਦੇਸ਼ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਨਕਲੀ ਨੋਟ ਫੜੇ ਗਏ ਹਨ।
ਸਰਕਾਰੀ ਏਜੰਸੀਆਂ ਅਤੇ ਆਰ ਬੀ ਆਈ (ਭਾਰਤੀ ਰਿਜ਼ਰਵ ਬੈਂਕ) ਲਈ ਚਿੰਤਾ ਦੀ ਗੱਲ ਇਹ ਹੈ ਕਿ ਨਕਲੀ





ਨੋਟਾਂ ਦੀ ਗਿਣਤੀ ਤਦ ਵਧੀ ਹੈ, ਜਦ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਹਿਲਾਂ ਤੋਂ ਵੱਧ ਸੁਰੱਖਿਅਤ ਕਰੰਸੀ ਦੇਸ਼ ਵਿੱਚ ਛਾਪੀ ਜਾ ਰਹੀ ਹੈ। ਸਾਲ 2019-20 ਵਿੱਚ 200 ਰੁਪਏ ਦੇ ਫੜੇ ਨਕਲੀ ਨੋਟਾਂ ਦੀ ਗਿਣਤੀ ਵਿਚ ਵੀ 151 ਫੀਸਦੀ ਵਾਧਾ ਹੋਇਆ ਸੀ। ਨਵੀਂ ਸੀਰੀਜ਼ ਦੇ 500 ਦੇ ਫੜੇ ਗਏ ਨਵੇਂ ਨੋਟਾਂ ਦੀ ਗਿਣਤੀ 37 ਫੀਸਦੀ ਵਧੀ ਹੈ। ਕੈਲੰਡਰ ਸਾਲ 2020 ਵਿੱਚ ਜੋ ਨਕਲੀ ਨੋਟ ਫੜੇ ਗਏ, ਉਨ੍ਹਾਂ ਵਿੱਚ ਨਵੀਂ ਸੀਰੀਜ਼ ਦੇ ਨੋਟਾਂ ਦੀ ਨਕਲ ਕਿੰਨੀ ਹੈ, ਇਸ ਦਾ ਪਤਾ ਨਹੀਂ ਲੱਗਾ, ਪਰ ਇੱਕ ਸਾਲ ਵਿੱਚ ਤਕਰੀਬਨ 300 ਫੀਸਦੀ ਵੱਧ ਨਕਲੀ ਨੋਟ ਫੜੇ ਜਾਣ ਤੋਂ ਲੱਗਦਾ ਹੈ ਕਿ ਹਰ ਸੀਰੀਜ਼ ਦੇ ਨੋਟ ਇਸ ਵਿੱਚ ਸ਼ਾਮਲ ਹੋਣਗੇ। ਅੰਕੜਾ ਗ੍ਰਹਿ ਮੰਤਰਾਲੇ ਦੇ ਤਹਿਤ ਆਉਣ ਵਾਲੇ ਨੈਸ਼ਨਲ ਕਰਾਈਮ ਰਿਕਾਰਡਸ ਬਿਊਰੋ ਨੇ ਜਾਰੀ ਕੀਤਾ ਹੈ। 2018 ਵਿੱਚ ਕੁੱਲ 2,61,860 ਨਕਲੀ ਨੋਟ, 2019 ਵਿੱਚ 2,19,938 ਅਤੇ 2020 ਵਿੱਚ 8,34,947 ਨੋਟ ਫੜੇ ਗਏ ਹਨ।

# 'ਰੱਬ ਦਾ ਰੇਡੀਓ-2' ਨੂੰ ਸਰਬੋਤਮ ਪੰਜਾਬੀ ਫ਼ਿਲਮ ਦਾ ਕੌਮੀ ਇਨਾਮ



ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- 67ਵੇਂ ਰਾਸ਼ਟਰੀ ਫ਼ਿਲਮ ਪੁਰਸਕਾਰਾਂ ਦਾ ਕੱਲ੍ਹ ਐਲਾਨ ਕਰ ਦਿੱਤਾ ਗਿਆ, ਜਿਸ 'ਚ ਬਾਲੀਵੁੱਡ ਅਦਾਕਾਰਾ ਕੰਗਣਾ ਰਣੌਤ ਨੂੰ ਫ਼ਿਲਮ 'ਮਣੀਕਰਣਿਕ' ਅਤੇ 'ਪੰਗਾ' 'ਚ ਉਸਦੇ ਰੋਲ ਲਈ ਸਰਬੋਤਮ ਅਦਾਕਾਰਾ ਦਾ ਇਨਾਮਦਿੱਤਾ ਗਿਆ ਹੈ। ਪੰਜਾਬੀ ਫਿਲਮਾਂ 'ਚ 'ਰੱਬ ਦਾ ਰੇਡੀਓ-2' ਅਤੇ ਹਿੰਦੀ 'ਚ ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ 'ਛਿਛੋਰੇ' ਨੂੰ ਸਰਬੋਤਮ ਫ਼ਿਲਮ ਇਨਾਮ ਲਈ ਚੁਣਿਆ ਗਿਆ। ਮਨੋਜ ਵਾਜਪਾਈ ਅਤੇ ਧਨੁਸ਼ ਨੂੰ ਕ੍ਰਮਵਾਰ 'ਭੌਂਸਲੇ' ਅਤੇ 'ਅਸੁਰਾਨ' ਫਿਲਮਾਂ ਲਈ ਬਿਹਤਰੀਨ ਅਦਾਕਾਰ ਐਲਾਨਿਆ। ਨਿਰਦੇਸ਼ਕ ਪ੍ਰਿਯਾਦਰਸ਼ਨ ਦੀ ਮਲਿਆਲਮ ਫ਼ਿਲਮ 'ਮਾਰਾਕਰ-ਅਰਬੀਕਾਦਾਲਿੰਟ ਸਿਮਹਾਮ' ਨੂੰ ਬੈਸਟ ਫੀਚਰ ਫ਼ਿਲਮ ਐਲਾਨਿਆ ਗਿਆ ਅਤੇ ਸੰਜੇ ਪੂਰਨ ਸਿੰਘ ਨੂੰ ਹਿੰਦੀ ਫ਼ਿਲਮ 'ਬਹੱਤਰ ਹੂਰਾਂ' ਲਈ ਸਰਬੋਤਮ ਨਿਰਦੇਸ਼ਕ ਦਾ ਪੁਰਸਕਾਰ ਦਿੱਤਾ ਗਿਆ।
ਇਸ ਦੌਰਾਨ ਰਾਸ਼ਟਰੀ ਫ਼ਿਲਮ ਐਵਾਰਡਬੋਰਡ ਦੇ ਪ੍ਰਧਾਨ ਐਨ ਚੰਦਰ ਨੇ ਕਿਹਾ ਕਿ ਉਨ੍ਹਾਂ ਨੇ ਫ਼ਿਲਮ ਨੂੰ ਇਨਾਮ ਦੇਣ ਦਾ ਨਿਰਣਾ ਭਗਵਾਨ ਦੇ ਤੌਰ 'ਤੇ ਨਹੀਂ, ਮਾਪਿਆਂ ਵਾਂਗ ਲਿਆ। ਸਮਾਜਿਕ ਫ਼ਿਲਮਾਂ ਦੀ ਸ਼੍ਰੇਣੀ 'ਚ ਮਰਾਠੀ ਫ਼ਿਲਮ 'ਆਨੰਦੀ ਗੋਪਾਲ' ਨੂੰ ਸਰਬੋਤਮ ਫ਼ਿਲਮ ਦਾ ਪੁਰਸਕਾਰ ਦਿੱਤਾ ਗਿਆ। ਰਾਸ਼ਟਰੀ ਏਕਤਾ ਲਈ ਨਰਗਿਸ ਦੱਤ ਪੁਰਸਕਾਰ 'ਤਾਜਮਹੱਲ' ਨੂੰ ਦਿੱਤਾ ਗਿਆ ਅਤੇ ਸਭ ਤੋਂ ਵੱਧ ਪਸੰਦੀਦਾ ਤੇ ਬਿਹਤਰੀਨ ਮਨੋਰੰਜਕ ਫ਼ਿਲਮ ਦੀ ਸ਼੍ਰੇਣੀ 'ਚ ਸਰਬੋਤਮ ਫ਼ਿਲਮ ਦਾ ਪੁਰਸਕਾਰ ਤੇਲਗੂ ਫ਼ਿਲਮ ਮਹਾਰਸ਼ੀ ਨੂੰ ਦਿੱਤਾ ਗਿਆ। ਇੰਦਰਾ ਗਾਂਧੀ ਪੁਰਸਕਾਰ ਪਹਿਲੀ ਮਲਿਆਲੀ ਫ਼ਿਲਮ 'ਹੇਲਨ' ਨੂੰ ਦਿੱਤਾ ਗਿਆ, ਜਿਸ ਦਾ ਨਿਰਦੇਸ਼ਨ ਐਮ ਜੇਵੀਅਰ ਨੇ ਕੀਤਾ ਹੈ।

# ਸ਼ੇਖ ਮੁਜੀਬੁਰ ਰਹਿਮਾਨ ਅਤੇ ਓਮਾਨ ਦੇ ਮਰਹੂਮ ਸੁਲਤਾਨ ਨੂੰ ਗਾਂਧੀ ਸ਼ਾਂਤੀ ਐਵਾਰਡ




ਨਵੀਂ ਦਿੱਲੀ, 23 ਮਾਰਚ (ਪੋਸਟ ਬਿਊਰੋ)- ਭਾਰਤ ਦੇ ਸੱਭਿਆਚਾਰ ਮੰਤਰੀ ਨੇ ਕੱਲ੍ਹ ਕਿਹਾ ਕਿ ਸਾਲ 2020 ਦਾ ਗਾਂਧੀ ਸ਼ਾਂਤੀ ਐਵਾਰਡ ਬੰਗ-ਬੰਧੂ ਸ਼ੇਖ ਮੁਜੀਬੁਰ ਰਹਿਮਾਨ ਨੂੰ ਦਿੱਤਾ ਜਾ ਰਿਹਾ ਹੈ, ਜਦਕਿ 2019 ਦੇ ਗਾਂਧੀ ਸ਼ਾਂਤੀ ਐਵਾਰਡ ਲਈ ਓਮਾਨ ਦੇ ਸਵਰਗੀ ਸੁਲਤਾਨ ਕਾਬੂਸ ਬਿਨ ਸਈਦ ਅਲ ਸਈਦ ਨੂੰ ਚੁਣਿਆ ਗਿਆ ਹੈ, ਜਿਹੜਾ ਉਨ੍ਹਾਂ ਨੂੰ ਭਾਰਤ ਨਾਲ ਮਜਬੂਤ ਸਬੰਧਾਂ ਅਤੇ ਗਲਫ਼ ਖੇਤਰ 'ਚ ਸ਼ਾਂਤੀ ਤੇ ਅਹਿੰਸਾ ਨੂੰ ਉਤਸ਼ਾਹਿਤ ਕਰਨ ਦੀਆਂ ਕੋਸ਼ਿਸ਼ਾਂ ਲਈ ਦਿੱਤਾ ਜਾ ਰਿਹਾ ਹੈ।
ਗਾਂਧੀ ਸ਼ਾਂਤੀ ਪੁਰਸਕਾਰ ਇੱਕ ਸਾਲਾਨਾ ਪੁਰਸਕਾਰ ਹੈ, ਜਿਸ ਨੂੰ ਭਾਰਤ ਸਰਕਾਰ ਵੱਲੋਂ 1995 'ਚ ਮਹਾਤਮਾ ਗਾਂਧੀ ਦੀ 125ਵੀਂ ਜਨਮ ਸ਼ਤਾਬਦੀ ਦੀ ਯਾਦਗਾਰ 'ਚ ਸਥਾਪਿਤ ਕੀਤਾ ਗਿਆ ਸੀ। ਇਹ ਪੁਰਸਕਾਰ ਕੌਮੀਅਤ, ਜਾਤੀ, ਭਾਸ਼ਾ, ਨਸਲ, ਲਿੰਗ ਦੇ ਭੇਦਭਾਵ ਤੋਂ ਬਿਨਾਂ ਦਿੱਤਾ ਜਾਂਦਾ ਹੈ।
ਗਾਂਧੀ ਸ਼ਾਂਤੀ ਪੁਰਸਕਾਰ ਲਈ ਜਿਊਰੀ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਕਰਦੇ ਹਨ ਅਤੇ ਇਸ ਵਿੱਚ ਦੋ ਮੈਂਬਰ ਭਾਰਤ ਦੇ ਮੁੱਖ ਜੱਜ ਅਤੇ ਲੋਕ ਸਭਾ ਵਿੱਚ ਸਭ ਤੋਂ ਵੱਡੀ ਵਿਰੋਧੀ ਪਾਰਟੀ ਦਾ ਨੇਤਾ ਹੁੰਦਾ ਹੈ। ਜਿਊਰੀ ਵਿਚ ਦੋ ਉਘੇ ਵਿਦ-ਵਾਨ ਮੈਂਬਰ ਵੀ ਹੁੰਦੇ ਹਨ, ਜਿਨ੍ਹਾਂ 'ਚ ਓਮ ਬਿਰਲਾ ਲੋਕ ਸਭਾ ਦੇ ਸਪੀਕਰ ਅਤੇ ਸੁਲੱਭ ਇੰਟਰਨੈਸ਼ਨਲ ਸਮਾਜ ਸੇਵਾ ਸੰਸਥਾ ਦੇ ਬਾਨੀ ਬਿੰਦੇਸ਼ਵਰ ਪਾਠਕ ਹਨ। ਜਿਊਰੀ ਦੀ 19 ਮਾਰਚ 2021 ਨੂੰ ਮੀਟਿੰਗ ਵਿੱਚ ਚਰਚਾ ਤੋਂ ਬਾਅਦ ਬਹੁਮਤ ਨਾਲ ਬੰਗਲਾ ਦੇਸ਼ ਦੇ ਰਾਸ਼ਟਰਪਿਤਾ ਸ਼ੇਖ ਮੁਜੀਬਰ ਰਹਿਮਾਨ ਅਤੇ ਸਵਰਗੀ ਸੁਲਤਾਨ ਕਾਬੂਸ ਬਿਨ ਸਈਦ ਅਲ ਸਈਦ ਨੂੰ ਸਾਲ 2019 ਲਈ ਗਾਂਧੀ ਸ਼ਾਂਤੀ ਪੁਰਸਕਾਰ ਦੇ ਜੇਤੂ ਵਜੋਂ ਚੁਣਿਆ ਗਿਆ ਹੈ।

# ਪੁਲਸ ਵਾਲੇ ਅਤੇ ਨਿੱਜੀ ਸੁਰੱਖਿਆ ਗਾਰਡ ਸੁੱਤੇ ਰਹੇ, ਭਗਵਾਨ ਦੀਆਂ ਮੂਰਤੀਆਂ ਚੋਰ ਲੈ ਗਏ

ਹਜ਼ਾਰੀਬਾਗ, 23 ਮਾਰਚ (ਪੋਸਟ ਬਿਊਰੋ)- ਝਾਰਖੰਡ ਦੇ ਬਹੋਰਨਪੁਰ ਵਿੱਚ ਭਗਵਾਨ ਬੁੱਧ ਦੀਆਂ ਦੋ ਪ੍ਰਾਚੀਨ ਮੂਰਤੀਆਂ ਚੋਰੀ ਹੋ ਗਈਆਂ। ਇਨ੍ਹਾਂ ਮੂਰਤੀਆਂ ਦੀ ਸੁਰੱਖਿਆ ਵਿਚ ਪੰਜ ਪੁਲਸ ਵਾਲੇ ਅਤੇ ਛੇ ਨਿੱਜੀ ਸੁਰੱਖਿਆ ਮੁਲਾਜ਼ਮ ਤੈਨਾਤ ਸਨ, ਪਰ ਉਹ ਸੁੱਤੇ ਹੀ ਰਹਿ ਗਏ ਅਤੇ ਚੋਰ ਆਪਣਾ ਕੰਮ ਕਰ ਕੇ ਨਿਕਲ ਗਏ।
ਮਾਹਰਾਂ ਦੇ ਦੱਸਣ ਮੁਤਾਬਕ ਇਹ ਦੋਵੇਂ ਮੂਰਤੀਆਂ 9ਵੀਂ ਤੋਂ 12ਵੀਂ ਸ਼ਤਾਬਦੀ ਦੀਆਂ ਹਨ। ਪੁਰਾਤੱਤਵ ਵਿਭਾਗ ਦੀ ਖੁਦਾਈ ਵਿੱਚ ਇਹ 30 ਦਿਨ ਪਹਿਲਾਂ ਮਿਲੀਆਂ ਸਨ। ਇਹ ਮੂਰਤੀਆਂ ਡੇਢ ਗੁਣਾ ਇੱਕ ਫੁੱਟ ਦੀਆਂ ਸਨ ਅਤੇ ਇੱਟਾਂ ਦੀ ਦੀਵਾਰ ਵਿੱਚ ਲੱਗੀਆਂ ਸਨ। ਭਗਵਾਨ ਬੁੱਧ ਦੀਆਂ ਇਹ ਮੂਰਤੀਆਂ ਭੂਮੀ ਸਪਰਸ਼ ਵਾਲੀ ਮੁਦਰਾ ਵਿੱਚ ਸਨ। ਮੁਖੀ ਵਿਅਕਤੀ ਮਹੇਸ਼ ਤਿੱਗਾ ਨੇ ਐਤਵਾਰ ਸਵੇਰੇ ਪੁਰਾਤੱਤਵ ਵਿਭਾਗ ਨੂੰ ਮੂਰਤੀਆਂਦੇ ਚੋਰੀ ਹੋਣ ਦੀ ਸੂਚਨਾ ਦਿੱਤੀ। ਇਸ ਦੇ ਬਾਅਦ ਪੁਲਸ ਅਤੇ ਪ੍ਰਸ਼ਾਸਨ ਹਰਕਤ ਵਿੱਚ ਆਇਆ ਤੇ ਜ਼ਿਲ੍ਹੇ ਦੀ ਸੀਮਾ ਨੂੰ ਸੀਲ ਕਰ ਦਿੱਤਾ



ਗਿਆ ਹੈ। ਖੁਦਾਈ ਸਥਾਨ 'ਤੇ ਚਾਰੇ ਪਾਸੇ ਪੁਲਸ ਦੀ ਤੈਨਾਤੀ ਕਰ ਦਿੱਤੀ ਗਈ ਹੈ। ਓਥੇ ਭਗਵਾਨ ਬੁੱਧ ਅਤੇ ਮਾਂ ਤਾਰਾ ਸਮੇਤ ਕਈ ਹੋਰ ਮੂਰਤੀਆਂ ਵੀ ਸਨ, ਪਰ ਚੋਰਾਂ ਨੇ ਇਤਿਹਾਸਕ ਮਹੱਤਵ ਦੀਆਂ ਇਨ੍ਹਾਂ ਬਹੁ-ਮੁੱਲੀਆਂ ਮੂਰਤੀਆਂ ਨੂੰ ਹੀ ਗਾਇਬ ਕੀਤਾ ਹੈ। ਵਿਭਾਗ ਦੀ ਟੀਮ ਵੀ ਖੁਦਾਈ ਸਥਾਨ ਤੋਂ ਇੱਕ ਕਿਲੋਮੀਟਰ ਦੂਰ ਨਿੱਜੀ ਮਕਾਨ ਵਿੱਚ ਬਣਾਏ ਕੈਂਪ ਵਿੱਚ ਹੈ। ਇਹ ਸਥਾਨ ਪੁਲਸ ਤੇ ਨਿੱਜੀ ਸੁਰੱਖਿਆ ਮੁਲਾਜ਼ਮਾਂ ਦੇ ਹਵਾਲੇ ਰਹਿੰਦਾ ਹੈ। ਹਜ਼ਾਰੀਬਾਗ ਦੇ ਐਸ ਪੀ ਕਾਰਤਿਕ ਐਸ ਨੇ ਕਿਹਾ ਕਿ ਸੁਰੱਖਿਆ ਵਿੱਚ ਕਿੱਥੇ ਗਲਤੀ ਹੋਈ ਅਤੇ ਇਸ ਮਾਮਲੇ ਵਿੱਚ ਕਿਸ ਦੀ ਲਾਪਰਵਾਹੀ ਹੈ। ਇਸ ਦਾ ਪਤਾ ਲਾਇਆ ਜਾ ਰਿਹਾ ਹੈ।

# ਨਸ਼ਾ ਤਸਕਰੀ ਦਾ ਦੋਸ਼ੀ ਬ੍ਰਿਟਿਸ਼ ਨਾਗਰਿਕ ਕਿਸ਼ਨ ਸਿੰਘ ਬ੍ਰਿਟੇਨ ਵੱਲੋਂ ਭਾਰਤ ਦੇ ਹਵਾਲੇ

ਲੰਡਨ, 23 ਮਾਰਚ (ਪੋਸਟ ਬਿਊਰੋ)- ਕੌਮਾਂਤਰੀ ਪੱਧਰ ਉੱਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਕੇਸ ਵਿੱਚ ਲੋੜੀਂਦੇ 38 ਸਾਲਾ ਬ੍ਰਿਟਿਸ਼ ਨਾਗਰਿਕ ਕਿਸ਼ਨ ਸਿੰਘ ਨੂੰ ਬ੍ਰਿਟੇਨ ਸਰਕਾਰ ਨੇ ਭਾਰਤ ਦੇ ਹਵਾਲੇ ਕਰ ਦਿੱਤਾ ਹੈ।
ਪਤਾ ਲੱਗਾ ਹੈ ਕਿ ਕਿਸ਼ਨ ਸਿੰਘ ਪਿੱਛੋਂ ਭਾਰਤ ਦੇ ਰਾਜਸਥਾਨ ਨਾਲ ਸੰਬੰਧਤ ਹੈ। ਉਸ ਨੂੰ ਲੰਡਨ ਮੈਟਰੋਪਾਲੀਟਨ ਪੁਲਸ ਨੇ ਗ੍ਰਿਫਤਾਰ ਕੀਤਾ ਸੀ ਅਤੇ ਪੂਰੀ ਅਦਾਲਤੀ ਕਾਰਵਾਈ ਤੋਂ ਬਾਅਦ ਭਾਰਤ ਤੋਂ ਉਚੇਚਾ ਓਥੇ ਗਈ ਟੀਮ ਨੂੰ ਸੌਂਪ ਦਿੱਤਾ ਹੈ ਅਤੇ ਇਸ ਟੀਮ ਨੇਲੰਡਨ ਦੇ ਹੀਥਰੋ ਹਵਾਈ ਅੱਡੇ ਉੱਤੇਉਸ



ਦੀ ਹਵਾਲਗੀ ਲਈ ਅਤੇ ਐਤਵਾਰ ਦੇਰ ਸ਼ਾਮ ਨਵੀਂ ਦਿੱਲੀ ਪਹੁੰਚ ਗਈ। ਕਿਸ਼ਨ ਸਿੰਘ ਉੱਤੇ ਸਾਲ 2016-17 ਦੌਰਾਨ ਕੈਮੀਕਲ ਡਰੱਗਜ਼, ਜਿਵੇਂ ਮੇਫੇਡ੍ਰੋਨ, ਜਿਸ ਨੂੰ ਵਾਈਟ ਮੈਜਿਕ ਅਤੇ 'ਮਿਆਓਂ-ਮਿਆਓਂ' ਵੀ ਕਿਹਾ ਜਾਂਦਾ ਹੈ ਅਤੇ ਕੀਟਮਾਈਨ ਭਾਰਤ ਵਿੱਚ ਸਪਲਾਈ ਕਰਨ ਦਾ ਦੋਸ਼ ਹੈ। ਉਸ ਨੂੰ ਲੰਡਨ ਵਿੱਚ ਹਵਾਲਗੀ ਦੇ ਵਾਰੰਟ ਉੱਤੇ ਅਗਸਤ 2018 ਵਿੱਚ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਨੇ ਮਨੁੱਖੀ ਅਧਿਕਾਰਾਂਅਤੇ ਦਿੱਲੀ ਦੀ ਜੇਲ੍ਹ ਦੀ ਮਾੜੀ ਹਾਲਤ ਦਾ ਹਵਾਲਾ ਦੇ ਕੇ ਆਪਣੀ ਹਵਾਲਗੀ ਦਾ ਵਿਰੋਧ ਕੀਤਾ ਸੀ, ਪਰ ਜੱਜ ਨੇ ਮਈ 2019 ਵਿੱਚ ਉਸ ਨੂੰ ਭਾਰਤ ਹਵਾਲੇ ਕਰਨ ਲਈ ਹੁਕਮ ਦੇ ਦਿੱਤਾ ਸੀ। ਦੋ ਸਾਲ ਚੱਲੀ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ ਬ੍ਰਿਟੇਨ ਨੇ ਕਿਸ਼ਨ ਸਿੰਘ ਨੂੰ ਭਾਰਤ ਦੇ ਹਵਾਲੇ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਫਰਵਰੀ ਵਿੱਚ ਬ੍ਰਿਟੇਨ ਨੇ ਕ੍ਰਿਕਟ ਮੈਚ ਫਿਕਸਿੰਗ ਘੁਟਾਲੇ ਦੇ ਦੋਸ਼ੀ ਸੰਜੀਵ ਚਾਵਲਾ ਨੂੰ ਵੀ ਭਾਰਤ ਹਵਾਲੇ ਕੀਤਾ ਸੀ।

# ਪ੍ਰਧਾਨ ਮੰਤਰੀ ਜੈਸਿੰਡਾ ਨੇ ਸਿੱਖ ਸਪੋਰਟਸ ਕੰਪਲੈਕਸ ਸਿੱਖ ਸੰਗਤ ਨੂੰ ਸੌਂਪਿਆ

ਆਕਲੈਂਡ, 23 ਮਾਰਚ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ 2.5 ਕਰੋੜ ਡਾਲਰ ਦੀ ਕੀਮਤ ਨਾਲ ਬਣਵਾਏ ਗਏਸਿੱਖ ਸਪੋਰਟਸ ਕੰਪਲੈਕਸ ਟਾਕਾਨੀਨੀ ਨੂੰ ਪ੍ਰਧਾਨ ਮੰਤਰੀ ਜੈਸਿੰਡਾ ਨੇ ਰਸਮੀ ਉਦਘਾਟਨ ਕਰਨ ਮਗਰੋਂ ਖਿਡਾਰੀਆਂ ਨੂੰ ਸੌਂਪ ਦਿੱਤਾ ਹੈ। ਇਸ ਵਿੱਚ ਕੌਮਾਂਤਰੀ ਪੱਧਰ ਦੇ ਹਾਕੀ ਗਰਾਊਂਡ ਸਮੇਤ ਵੱਖ-ਵੱਖ ਖੇਡਾਂ ਦੇ ਸੱਤ ਮੈਦਾਨ ਹਨ।
ਵਰਨਣ ਯੋਗ ਹੈ ਕਿ ਨਿਊਜ਼ੀਲੈਂਡ ਦੀ ਸਭ ਤੋਂ ਵੱਡੀ ਸਿੱਖ ਸੰਸਥਾ, ਸੁਪਰੀਮ ਸਿੱਖ ਸੁਸਾਇਟੀ ਵੱਲੋਂ ਨੇਪਰੇ ਚਾੜ੍ਹੇ ਗਏ ਹਾਲੇ ਤੱਕ ਦੇ ਸਭ ਤੋਂ ਵੱਡੇ ਪ੍ਰੋਜੈਕਟ ਦਾ ਉਦਘਾਟਨ ਪਿਛਲੇ ਸਾਲ 21 ਮਾਰਚ ਨੂੰ ਹੋਣਾ ਸੀ, ਪਰ ਕੋਰੋਨਾ ਮਹਾਮਾਰੀ ਕਾਰਨ ਐਨ ਮੌਕੇ ਉੱਤੇ ਸਮਾਗਮ ਮੁਲਤਵੀ ਕਰਨਾ ਪਿਆ ਸੀ। ਇਸ ਵਾਰ ਪ੍ਰਧਾਨ ਮੰਤਰੀ ਜੈਸਿੰਡਾ ਨਾਲ ਅੱਧੀ ਦਰਜਨ ਕੈਬਨਿਟ ਮੰਤਰੀ, ਚਾਰ ਸਿਆਸੀ ਪਾਰਟੀਆਂ ਦੇ ਦੋ ਦਰਜਨ ਪਾਰਲੀਮੈਂਟ ਮੈਂਬਰਾਂ ਅਤੇ ਸਵਾ ਸੌ ਦੇ ਕਰੀਬ ਮਹੱਤਵਪੂਰਨ ਅਹੁਦਿਆਂ



ਵਾਲੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਉਦਘਾਟਨ ਪਿੱਛੋਂ ਪ੍ਰਧਾਨ ਮੰਤਰੀ ਜੈਸਿੰਡਾ ਨੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿੱਚ ਸਿੱਖ ਫਲਸਫੇ ਦੀ ਭਰਪੂਰ ਪ੍ਰਸ਼ੰਸਾ ਕੀਤੀ, ਜੋ ਹਮੇਸ਼ਾ ਲੋੜਵੰਦਾਂ ਲਈ ਅੱਗੇ ਆਉਂਦਾ ਹੈ। ਗੁਰੂਘਰ ਦੀ 15ਵੀਂ ਵਰ੍ਹੇਗੰਢ ਮੌਕੇ ਰੱਖੇ ਗਏ ਉਦਘਾਟਨੀ ਸਮਾਗਮ ਵਿੱਚ ਪੂਰੇ ਨਿਊਜ਼ੀਲੈਂਡ ਵਿੱਚੋਂ ਖੇਡ ਪ੍ਰੇਮੀ ਅਤੇ ਅਹਿਮ ਸੱਜਣ ਪਹੁੰਚੇ ਹੋਏ ਸਨ। ਸਮਾਗਮ ਦੌਰਾਨ ਨਿਊਜ਼ੀਲੈਂਡ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੀ ਆਗੂ ਜੁਡਿਥ ਕੌਲਿਨਜ਼ ਵੀ ਆਪਣੇ ਸਾਥੀ ਪਾਰਲੀਮੈਂਟ ਮੈਂਬਰਾਂ ਨਾਲ ਹਾਜ਼ਰ ਹੋਏ ਉਨ੍ਹਾਂ ਨੇ ਸਿੱਖ ਭਾਈਚਾਰੇ ਵੱਲੋਂ ਨਿਊਜ਼ੀਲੈਂਡ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਸਿੱਖ ਭਾਈਚਾਰੇ ਨਾਲ ਸੰਬੰਧਤ ਮਾਮਲਿਆਂ ਪ੍ਰਤੀ ਸੁਹਿਰਦਤਾ ਵਿਖਾਈ। ਇਸ ਮੌਕੇ ਕੀਵੀ ਕਿੰਗ ਗੋਪਾ ਬੈਂਸ ਨੂੰ ਇੱਕ ਚਾਂਦੀ ਦੀ ਇੱਟ ਉੱਤੇ ਬਣੇ 10 ਤੋਲੇ ਸੋਨੇ ਦੇ ਖੰਡੇ ਵਾਲੇ ਵਿਸ਼ੇਸ਼ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਆ ਗਿਆ। ਭਾਰਤੀ ਮੂਲ ਦੇ ਸੀਨੀਅਰ ਜੱਜ ਸਵਰਨ ਅਜੀਤ ਸਿੰਘ, ਆਨਰੇਰੀ ਕੌਂਸਲੇਟ ਭਵ ਢਿੱਲੋਂ, ਪਹਿਲੇ ਦਸਤਾਰਧਾਰੀ ਪਾਰਲੀਮੈਂਟ ਮੈਂਬਰ ਕੰਵਲਜੀਤ ਸਿੰਘ ਬਖਸ਼ੀ ਵੀ ਇਸ ਮੌਕੇ ਪਹੁੰਚੇ ਹੋਏ ਸਨ।

## ਚੋਣਾਂ ਮਗਰੋਂ ਏਅਰ ਪੋਰਟ ਉੱਤੇ ਟਰੰਪ ਦਾ ਜਹਾਜ਼ ਸਵਾਰ ਨੂੰ ਤਰਸਿਆ

ਨਿਊਯਾਰਕ, 23 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਨਿੱਜੀ ਬੋਇੰਗ-757 ਜਹਾਜ਼ ਇਨ੍ਹਾਂ ਦਿਨੀਂ ਨਿਊਯਾਰਕ ਦੇ ਇੱਕ ਨਜ਼ਦੀਕੀ ਹਵਾਈ ਅੱਡੇ 'ਤੇ ਖੜ੍ਹਾ ਕਬਾੜ ਹੋ ਰਿਹਾ ਹੈ। ਇਸ ਜਹਾਜ਼ ਦੀ ਖਾਸ ਗੱਲ ਇਹ ਹੈ ਕਿ ਇਸ ਵਿੱਚ ਸੋਨੇ ਦਾ ਪਾਣੀ ਚੜ੍ਹਿਆ ਬਾਥਰੂਮ ਅਤੇ 24 ਕੈਰੇਟ ਸੋਨੇ ਦੇ ਬੱਕਲਸ ਵਾਲੇ ਸੀਟ ਬੈਲਟ ਵੀ ਹਨ। ਇਸ ਤੋਂ ਪਹਿਲਾਂ ਇਸ ਜਹਾਜ਼ ਦੀ ਵਰਤੋਂ ਟਰੰਪ ਦੇ ਫ਼ੋਟੋ ਸ਼ੂਟ, ਚੋਣ ਪ੍ਰਚਾਰ, ਖਾਸ ਦੌਰਿਆਂ ਆਦਿ ਲਈ ਕੀਤੀ ਜਾਂਦੀ ਸੀ। ਇੱਕ ਅੰਗਰੇਜ਼ੀ ਵੈਬਸਾਈਟ ਮੁਤਾਬਕ ਟਰੰਪ ਦੇ ਇਸ ਆਲੀਸ਼ਾਨ ਜਹਾਜ਼ ਨੇ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਦੇ ਸਹੁੰ ਚੁੱਕ ਸਮਾਗਮ ਤੋਂ ਬਾਅਦ ਇੱਕ ਵਾਰ ਵੀ ਉਡਾਣ ਨਹੀਂ ਭਰੀ, ਕਿਉਂਕਿ ਤਦ ਤੋਂ ਟਰੰਪ ਜਨਤਕ ਜੀਵਨ ਅਤੇ ਯਾਤਰਾਵਾਂ ਤੋਂ ਦੂਰ ਹਨ। ਇਸ ਦਾ ਨਤੀਜਾ ਇਹ ਹੈ ਕਿ ਟਰੰਪ ਦੇ ਜਹਾਜ਼ ਦਾ ਇੱਕ ਇੰਜਣ ਖ਼ਰਾਬ ਹੋ ਚੁੱਕਾ ਹੈ।

## ਇਸਰਾਈਲ ਵਿਚ ਮੌਤ ਦੀ ਗੁਫਾ ਵਿੱਚੋਂ 6000 ਸਾਲ ਪੁਰਾਣਾ ਬੱਚੀ ਦਾ ਪਿੰਜਰ ਮਿਲਿਆ

ਤਲਅਵੀਵ, 23 ਮਾਰਚ (ਪੋਸਟ ਬਿਊਰੋ)- ਇਸਰਾਈਲ ਦੇ ਪੁਰਾਤੱਤਵ ਮਾਹਰਾਂ ਨੂੰ ਮੌਤ ਦੀ ਗੁਫਾ ਵਿੱਚੋਂ 6000 ਸਾਲ ਪੁਰਾਣਾ ਬੱਚੀ ਦਾ ਪਿੰਜਰ ਮਿਲਿਆ ਹੈ। ਇਹ ਮੌਤ ਦੀ ਗੁਫਾ ਇਸਰਾਈਲ ਦੇ ਜੁਦੇਆਨ ਰੇਗਿਸਤਾਨ ਵਿੱਚ ਮ੍ਰਿਤਕ ਸਾਗਰ ਦੇ ਨਾਲ ਲੱਗਦੀ ਹੈ। ਸਾਲ 1960 ਦੇ ਦਹਾਕੇ ਵਿੱਚ ਕਰੀਬ ਚਾਲੀ ਮਨੁੱਖੀ ਪਿੰਜਰ ਮਿਲਣ ਦੇ ਬਾਅਦ ਇਸ ਪੁਰਾਤਨ ਗੁਫਾ ਦਾ ਨਾਂਅ 'ਮੌਤ ਦੀ ਗੁਫਾ' ਰੱਖ ਦਿੱਤਾ ਗਿਆ ਸੀ।
ਖੋਜਕਾਰਾਂ ਨੂੰ ਬੱਚੀ ਦਾ ਇਹ ਪਿੰਜਰ ਗੁਫਾ ਦੇ ਸੁੱਕੇ ਵਾਤਾਵਰਣ ਵਿੱਚ ਕੁਦਰਤੀ ਰੂਪ ਵਿੱਚ ਮਮੀ ਵਿੱਚ ਬਦਲਿਆ ਹੋਇਆ ਮਿਲਿਆ ਹੈ। ਇਸ ਪਿੰਜਰ ਤੱਕ ਰੱਸੀ ਦੇ ਸਹਾਰੇ ਚੜ੍ਹ ਕੇ ਪਹੁੰਚਿਆ ਜਾ ਸਕਦਾ ਹੈ। ਪਿੰਜਰ ਦੇ ਸੀਟੀ ਸਕੈਨ ਤੋਂ ਪਤਾ ਲੱਗਾ ਹੈ ਕਿ ਇਹ ਛੇ ਤੋਂ 12 ਸਾਲ ਦੀਬੱਚੀ ਦਾ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਲੜਕੀ ਸੀ। ਉਸ ਦੇ ਚਮੜੇ ਤੇ ਵਾਲ 6000 ਸਾਲ ਬੀਤ ਜਾਣ ਦੇ ਬਾਅਦ ਵੀ ਅੰਸ਼ਿਕ ਰੂਪ ਵਿੱਚ ਅਜੇ ਤੱਕ ਬਚੇ ਹੋਏ ਹਨ।
ਇਸਰਾਈਲੀ ਇਤਿਹਾਸਕਾਰ ਰੋਨਿਤ ਲੂਪੂ ਨੇ ਕਿਹਾ ਕਿ ਇਹ ਸੁਭਾਵਿਕ ਹੈ ਕਿ ਓਦੋਂ ਜਿਸ ਨੇ ਵੀ ਇਸ ਬੱਚੀ ਨੂੰ ਦਫਨਾਇਆ ਹੋਵੇਗਾ, ਉਸ ਨੇ ਕੱਪੜੇ ਵਿੱਚ ਲਪੇਟ ਦਿੱਤਾ ਸੀ। ਲੂਪੂ ਨੇ ਕਿਹਾ ਕਿ ਇਹ ਕੁਝ ਉਸੇ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਮਾਪੇ ਆਪਣੇ ਬੱਚੇ ਨੂੰ ਕੰਬਲ ਵਿੱਚ ਲਪੇਟ ਲੈਂਦੇ ਹਨ। ਬੱਚੀ ਦੇ ਹੱਥ ਵਿੱਚ ਵੀ ਕੁਝ ਕੱਪੜੇ ਬੰਨ੍ਹੇ ਹੋਏ ਸਨ। ਇਹ ਪਿੰਜਰ ਮ੍ਰਿਤ ਸਾਗਰ ਵਿੱਚ ਸਥਿਤ ਸੂਚੀ ਪੱਤਰ ਦੇ ਕੋਲ ਮਿਲੇ ਹਨ। ਇਹ ਸੂਚੀ ਪੱਤਰ ਹਿਬਰੂ ਭਾਸ਼ਾ ਵਿੱਚ ਲਿਖੇ ਸਭ ਤੋਂ ਪ੍ਰਾਚੀਨ ਅੱਖਰ ਹਨ। ਹਾਲ ਹੀ ਵਿੱਚ ਇਥੋਂ 2000 ਸਾਲ ਪੁਰਾਣੇ ਸੂਚੀ ਪੱਤਰ ਮਿਲੇ ਸਨ। ਇਸੇ ਇਲਾਕੇ ਤੋਂ ਦੁਨੀਆ ਦੀ ਸਭ ਤੋਂ ਪੁਰਾਣੀ ਟੋਕਰੀ ਵੀ ਮਿਲੀ ਸੀ, ਜੋ ਕਰੀਬ 10 ਹਜ਼ਾਰ ਸਾਲ ਪੁਰਾਣੀ ਹੈ।

## ਸਾਬਕਾ ਪਾਕਿ ਪ੍ਰਧਾਨ ਮੰਤਰੀ ਗਿਲਾਨੀ ਵੱਲੋਂ ਸੈਨੇਟ ਚੇਅਰਮੈਨ ਦੇ ਚੋਣ ਨਤੀਜੇ ਨੂੰ ਚੁਣੌਤੀ

ਇਸਲਾਮਾਬਾਦ, 23 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਸੈਨੇਟ ਦੇ ਚੇਅਰਮੈਨ ਦੀ ਚੋਣ ਦੇ ਨਤੀਜੇ ਨੂੰ ਇਸਲਾਮਾਬਾਦ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਹੈ।
ਇੱਕ ਹਫਤੇ ਤੋਂ ਵੱਧ ਸਮਾਂ ਪਹਿਲਾਂ ਹੋਈ ਇਸ ਚੋਣ ਵਿੱਚ ਪਾਰਲੀਮੈਂਟ ਦੇ ਮੌਜੂਦਾ ਚੇਅਰਮੈਨ ਸਾਦਿਕ ਸੰਜਰਾਨੀ (42), ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਾਲੇ ਗਠਜੋੜ ਦੀ ਹਮਾਇਤ ਸੀ, ਨੇ ਸਾਰੇ ਵਿਰੋਧੀ ਦਲਾਂ ਦੇ ਗਠਜੋੜ ਪੀਪਲਜ਼ ਡੈਮੋਕ੍ਰੇਟਿਕ ਮੂਵਮੈਂਟ (ਪੀ ਡੀ ਐਮ) ਵੱਲੋਂ ਸਾਂਝੇ ਉਮੀਦਵਾਰ ਯੂਸਫ ਰਜ਼ਾ ਗਿਲਾਨੀ ਨੂੰ ਛੇ ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਸੀ। ਸੰਜਰਾਨੀ ਨੂੰ 48 ਅਤੇ ਗਿਲਾਨੀ ਨੂੰ 42 ਵੋਟਾਂ ਪਈਆਂ ਸਨ। ਕੁੱਲ ਪਈਆਂ 98 ਵੋਟਾਂ ਵਿੱਚੋਂ ਅੱਠ ਵੋਟਾਂ ਰੱਦ ਕਰ ਦਿੱਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਸੱਤਾਂ ਉੱਤੇ ਗਿਲਾਨੀ ਦੇ ਨਾਂਅ ਉੱਪਰ ਮੋਹਰ ਸੀ।ਯੂਸਫ ਰਜ਼ਾ ਗਿਲਾਨੀ ਵੱਲੋਂ ਫਾਰੂਕ ਐਚ ਨਾਇਕ ਨੇ ਇਸਲਾਮਾਬਾਦ ਹਾਈ ਕੋਰਟ ਵਿੱਚ ਇਹਅਰਜ਼ੀ ਪੇਸ਼ ਕੀਤੀ ਹੈ, ਜਿਸ ਨੂੰ ਚੀਫ ਜਸਟਿਸ ਹੁਸੈਨ ਸ਼ਾਹ ਮਿਨ੍ਹਾਉਲ੍ਹਾ ਨੇ ਪ੍ਰਵਾਨ ਕਰ ਲਿਆ ਹੈ ਅਤੇ ਇਸ ਉੱਤੇ ਸੁਣਵਾਈ 24 ਮਾਰਚ ਨੂੰ ਹੋਵੇਗੀ। ਯੂਸਫ ਰਜ਼ਾ ਗਿਲਾਨੀ ਨੇ ਪਟੀਸ਼ਨ ਵਿੱਚ ਪ੍ਰੀਜ਼ਾਈਡਿੰਗ ਅਧਿਕਾਰੀ ਸਈਦ ਮੁਜ਼ੱਫਰ ਹੁਸੈਨ ਸ਼ਾਹ, ਕਾਨੂੰਨ ਅਤੇ ਨਿਆਂ ਮੰਤਰਾਲਾ, ਪਾਰਲੀਮੈਂਟਰੀ ਮਾਮਲਿਆਂ ਦਾ ਮੰਤਰਾਲਾ, ਸੈਨੇਟ ਸੈਕਟਰੀਏ ਤੇ ਸੈਨੇਟ ਦੇ ਚੇਅਰਮੈਨ ਸੰਜਰਾਨੀ ਨੂੰ ਧਿਰ ਬਣਾਇਆ ਹੈ। ਉਨ੍ਹਾਂ ਨੇ ਅਪੀਲ ਕੀਤੀ ਹੈ ਕਿ 12 ਮਾਰਚ ਨੂੰ ਹੋਈ ਚੋਣ ਦੇ ਨਤੀਜੇ ਨਾਲ ਸੰਜਰਾਨੀ ਦੀ ਜਿੱਤ ਨੂੰ ਗਲਤ ਕਰਾਰ ਦਿੱਤਾ ਜਾਵੇ। ਇਸ ਮੰਗ ਦਾ ਆਧਾਰ ਰੱਦ ਕੀਤੀਆਂ ਸੱਤ ਵੋਟਾਂ ਹਨ, ਜਿਹੜੀਆਂ ਗਿਲਾਨੀ ਦੇ ਪੱਖ ਵਿੱਚ ਸਨ, ਪਰ ਪ੍ਰੀਜ਼ਾਈਡਿੰਗ ਅਧਿਕਾਰੀ ਨੇ ਤਕਨੀਕੀ ਆਧਾਰ ਉੱਤੇ ਰੱਦ ਕਰ ਦਿੱਤੀਆਂ ਸਨ।

## ਏਸ਼ੀਆਈ-ਅਮਰੀਕੀ ਲੋਕਾਂ ਉਤੇ ਹਮਲੇ ਵਿਰੁੱਧ ਹਜ਼ਾਰਾਂ ਲੋਕ ਸੜਕਾਂ ਉੱਤੇ ਆਏ

ਅਟਲਾਂਟਾ, 23 ਮਾਰਚ (ਪੋਸਟ ਬਿਊਰੋ)- ਏਸ਼ਿਆਈ ਮੂਲ ਦੇ ਅੱਠ ਲੋਕਾਂ ਦੀ ਹੱਤਿਆ ਸਣੇ ਏਸ਼ਿਅਨ-ਅਮਰੀਕਨ ਲੋਕਾਂ 'ਤੇ ਹਮਲਿਆਂ ਦੇ ਵਿਰੋਧ ਵਿੱਚ ਕਈ ਅਮਰੀਕੀ ਸ਼ਹਿਰਾਂ ਵਿੱਚ ਕੱਲ੍ਹ ਭਾਰੀ ਗਿਣਤੀ ਵਿੱਚ ਨਾਗਰਿਕ ਸੜਕਾਂ 'ਤੇ ਉਤਰ ਆਏ। ਇਸ ਦੌਰਾਨ ਪੋਸਟਰ ਲੈ ਕੇ 'ਵਾਇਰਸ ਨਹੀਂ ਹੈ ਏਸ਼ੀਆਨ', 'ਏਸ਼ੀਆਨ ਲੋਕਾਂ ਨਾਲ ਨਫ਼ਰਤ ਨਾ ਕਰੋ' ਆਦਿ ਦੇ ਨਾਅਰੇ ਲਾਉਂਦੇ ਲੋਕਾਂ ਨੇ ਨਫ਼ਰਤ ਖਤਮ ਕਰਨ ਦੀ ਅਪੀਲ ਕੀਤੀ।
ਜੌਰਜੀਆ ਦੀ ਰਾਜਧਾਨੀ ਅਟਲਾਂਟਾ ਤੋਂ ਇਲਾਵਾ ਹਿਊਸਟਨ, ਨਿਊਯਾਰਕ ਸਿਟੀ, ਸ਼ਿਕਾਗੋ, ਪਿਟਸਬਰਗ, ਸਾਨ




ਫਰਾਂਸਿਸਕੋ, ਬੋਇਸ, ਇਦਾਹੋ ਆਦਿ ਵਿੱਚ ਵੀ ਇਸ ਮੌਕੇ ਪ੍ਰਦਰਸ਼ਨ ਹੋਏ।ਅਟਲਾਂਟਾ ਵਿੱਚ ਲੋਕਾਂ ਨੇ ਪੀੜਤਾਂ ਨੂੰ ਨਿਆਂ ਦਿਵਾਉਣ ਅਤੇ ਨਸਲਵਾਦ ਖਤਮ ਕਰਨ ਦੀ ਮੰਗ ਕੀਤੀ। ਇਥੇ ਲਿਬਰਟੀ ਪਲਾਜ਼ਾ 'ਤੇ ਹਰ ਉਮਰ ਅਤੇ ਨਸਲ ਦੇ ਲੋਕ ਇਕੱਠੇ ਹੋਏ ਅਤੇਪਾਰਲੀਮੈਂਟ ਮੈਂਬਰਾਂ ਅਤੇ ਰਾਜ ਨੇਤਾਵਾਂ ਨੇ ਮੌਜੂਦ ਰਹਿ ਕੇ ਉਨ੍ਹਾਂ ਸਮਰਥਨ ਦਿੱਤਾ। ਸੈਨੇਟਰ ਰਫਲ ਵਾਰਨੌਕ ਨੇ ਖੁਦ ਨੂੰ ਏਸ਼ਿਆਈ ਭਰਾ-ਭੈਣਾਂ ਦੇ ਨਾਲ ਖੜ੍ਹਾ ਦੱਸਿਆ। ਜੌਰਜੀਆ ਵਿੱਚ ਪਹਿਲੀ ਵੀਅਤਨਾਮੀ-ਅਮਰੀਕੀ ਵਿਧਾਇਕ ਨੇ ਇਸ ਤਰ੍ਹਾਂ ਦੇ ਅਪਰਾਧਾਂ ਲਈ ਕਾਨੂੰਨ ਬਣਾਉਣ ਦੇ ਮੰਗ ਕੀਤੀ। ਸ਼ਿਕਾਗੋ ਵਿੱਚ ਕਈ ਸਰਕਾਰੀ ਏਜੰਸੀਆਂ ਨੇ ਵਰਚੁਅਲ ਕਾਨਫਰੰਸ ਕੀਤੀ, ਜਿਸ ਵਿੱਚ ਨਸਲੀ ਹਿੰਸਾ ਅਤੇ ਏਸ਼ਿਆਈ ਲੋਕਾਂ ਦੀ ਹੱਤਿਆ ਦਾ ਵਿਰੋਧ ਕੀਤਾ ਗਿਆ।
ਨਿਊਯਾਰਕ ਸਿਟੀ ਦੇ ਟਾਈਮਸ ਸਕਵ-ਾਇਰ 'ਤੇ ਲੋਕ ਇਕੱਠੇ ਹੋਏ ਅਤੇ ਮੈਨਹਟਨ ਵਿੱਚ ਏਸ਼ੀਆਈ ਭਾਈਚਾਰੇ ਦੀ ਆਬਾਦੀ ਵਾਲੇ ਖੇਤਰਾਂ ਵਿੱਚ ਪਹੁੰਚੇ। ਸਾਨ ਫਰਾਂਸਿਸਕੋ ਦੇ ਚਾਈਨਾਟਾਊਨ ਵਿੱਚ ਲੋਕ ਵੱਡੀ ਗਿਣਤੀ ਵਿੱਚ ਬੱਚਿਆਂ ਨੂੰ ਲੈ ਕੇ ਪੁੱਜੇ। ਇੱਥੇ ਮ੍ਰਿਤਕਾਂ ਪ੍ਰਤੀ ਹਮਦਰਦੀ ਜਤਾਈ ਗਈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

Seeking a Boy for Beautiful, well educated, Mumbai Born and Raised 5' 2'', 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

